# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 11 ISSUE : 51 SATURDAY, 23 DECEMBER, 2023

www.punjablinkpaper.com 604-503-5465










# ਚੁਣੌਤੀਆਂ ਦੇ ਬਾਵਜੂਦ ਜਸਟਿਨ ਟਰੂਡੋ ਨੇ ਸਰਗਰਮ ਰਾਜਨੀਤੀ ਵਿਚ ਡਟੇ ਰਹਿਣ ਦਾ ਦਿੱਤਾ ਸੰਕੇਤ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੀ ਘੱਟਗਿਣਤੀ ਸਰਕਾਰ ਦੀ ਤਬਦੀਲੀ ਬਾਰੇ ਮਜ਼ਬੂਤ ਹਵਾਵਾਂ ਦੇ ਬਾਵਜੂਦ ਬਹੁਤ ਸਾਰੇ ਅੰਦਰੂਨੀ ਵਿਅਕਤੀਆਂ ਤੇ ਰਣਨੀਤੀਕਾਰਾਂ ਦਾ ਕਹਿਣਾ ਕਿ ਕਿਉਂਕਿ ਟਰੂਡੋ ਨੇ ਅੱਠ ਸਾਲ ਪਹਿਲਾਂ ਪਾਰਟੀ ਨੂੰ ਬਚਾਇਆ ਸੀ ਇਸ ਲਈ ਲਿਬਰਲਜ਼ ਇਸ ਗੱਲ ਲਈ ਰਜ਼ਾਮੰਦ ਹਨ ਕਿ ਟਰੂਡੋ ਉਨਾ ਚਿਰ ਪਾਰਟੀ ਦੀ ਅਗਵਾਈ ਕਰਦੇ ਰਹਿਣ ਜਿੰਨਾ ਚਿਰ ਉਹ ਚਾਹੁੰਦੇ ਹਨ। ਟਰੂਡੋ ਜਿਹੜੇ ਕ੍ਰਿਸਮਸ ਵਾਲੇ ਦਿਨ 52 ਸਾਲ ਦੇ ਹੋ ਜਾਣਗੇ ਨੂੰ ਦਰਜਨਾਂ ਵਾਰ ਜਾਂ ਸ਼ਾਇਦ ਸੈਂਕੜੇ ਬਾਰੇ ਉਨ੍ਹਾਂ ਦੀਆਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਸਪਸ਼ਟ ਰੂਪ ਵਿਚ ਕਿਹਾ ਕਿ ਉਹ ਰਾਜਨੀਤੀ ਛੱਡ ਕੇ ਕਿਤੇ ਨਹੀਂ ਜਾ ਰਹੇ। ਦੀ ਕੈਨੇਡੀਅਨ ਪ੍ਰੈਸ ਨਾਲ ਸਾਲ ਦੇ ਅੰਤ ਵਿਚ ਇਕ ਮੁਲਾਕਾਤ ਵਿਚ ਉਨ੍ਹਾਂ ਇਸ ਗੱਲ 'ਤੇ ਚਾਨਣਾ ਪਾਇਆ ਕਿ ਉਹ ਰਾਜਨੀਤੀ ਕਿਉਂ ਨਹੀਂ ਛੱਡ ਰਹੇ। ਉਨ੍ਹਾਂ ਕਿਹਾ ਕਿ ਤੁਸੀਂ ਉਨ੍ਹਾਂ ਸਾਰੀਆਂ ਗੱਲਾਂ ਵਿਚ ਵਿਸ਼ਵਾਸ਼ ਨਹੀਂ ਕਰ ਸਕਦੇ ਜਿਸ ਵਿਚ ਉਹ ਵਿਸ਼ਵਾਸ਼ ਕਰਦਾ ਹੈ ਅਤੇ ਇਸ ਲੜਾਈ ਨੂੰ ਕਰਨ ਲਈ ਉਸ ਸਥਿਤੀ ਵਿਚ ਪੈਣਾ ਨਹੀਂ ਚਾਹੁੰਦੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਅਜਿਹੀ ਸਥਿਤੀ ਹੈ ਜਿਸ ਦੇ ਦੁਆਲੇ ਹਰ ਚੀਜ਼ ਕੇਂਦਰਿਤ ਹੈ ਜਿਸ ਲਈ ਉਹ ਪਹਿਲੇ ਦਿਨ ਤੋਂ ਲੜ ਰਿਹਾ ਹੈ। ਉਸ ਦੀਆਂ ਨਜ਼ਰਾਂ ਵਿਚ ਜੋ ਕੁਝ ਉਸ ਨੇ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਉਹ ਹੁਣ ਖ਼ਤਰੇ ਵਿਚ ਹੈ। ਉਨ੍ਹਾਂ ਕਿਹਾ ਕਿ ਉਹ ਲੋਕਾਂ ਖ਼ਾਸਕਰ ਨੌਜਵਾਨਾਂ ਨਾਲ ਪੌਣਪਾਣੀ ਤਬਦੀਲੀ, ਮੇਲ-ਮਿਲਾਪ, ਮਾਨਵੀ ਹੱਕਾਂ ਅਤੇ ਨੌਕਰੀਆਂ ਪੈਦਾ ਕਰਨ ਬਾਰੇ ਜੋ ਵਾਅਦੇ ਕੀਤੇ ਹਨ ਉਨ੍ਹਾਂ ਨੂੰ ਪੂਰਾ ਕਰਨ ਦੀ ਡੂੰਘੀ ਜ਼ਿੰਮੇਵਾਰੀ ਮਹਿਸੂਸ ਕਰਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ 2015 ਵਿਚ ਪਹਿਲੀ ਵਾਰ ਵੋਟਰਾਂ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਜੋ ਕੁਝ ਕਰ ਰਹੇ ਹਾਂ ਜੇਕਰ ਤੁਸੀਂ ਉਸ ਦਾ ਸਮਰਥਨ ਕਰਦੇ ਹੋਏ ਵੋਟ ਦਿੰਦੇ ਹੋ ਤਾਂ ਅਸੀਂ ਦੁਨੀਆ ਬਿਹਤਰ ਥਾਂ ਬਣਾਵਾਂਗੇ। ਉਹ ਵੋਟਰ ਜਿਹੜੇ 20 ਦਹਾਕੇ ਦੇ ਅਖੀਰ ਵਿਚ ਪਹੁੰਚੇ ਹੋਏ ਹਨ ਜਿਨ੍ਹਾਂ ਨੇ ਪਹਿਲੀ ਵਾਰ ਉਨ੍ਹਾਂ ਨੂੰ ਵੋਟ ਦਿੱਤਾ ਸੀ, ਉਨ੍ਹਾਂ ਨੂੰ ਘਰ ਦਾ ਪ੍ਰਬੰਧ ਕਰਨ ਵਿਚ ਮੁਸ਼ਕਿਲ ਹੋ ਰਹੀ ਹੈ। ਉਨ੍ਹਾਂ ਨੂੰ ਸਾਡੇ ਵੱਡੇ ਸ਼ਹਿਰਾਂ ਦੇ ਸੈਂਟਰ ਤੋਂ ਬਾਹਰ ਧੱਕਿਆ ਜਾ ਰਿਹਾ ਹੈ। ਉਹ ਅਮਰੀਕਾ ਵਿਚ ਗਰਭਪਾਤ ਦੇ ਹੱਕ ਸਮੇਤ ਹੱਕਾਂ ਨੂੰ ਪਿੱਛੇ ਧੱਕਣ ਬਾਰੇ ਵੀ ਚਿੰਤਤ ਹੈ।



ਪ੍ਰਧਾਨ ਮੰਤਰੀ ਲਈ ਇਹ ਸਾਲ ਪੇਸ਼ੇਵਰ ਅਤੇ ਵਿਅਕਤੀਗਤ ਤੌਰ 'ਤੇ ਪ੍ਰੇਸ਼ਾਨੀ ਵਾਲਾ ਰਿਹਾ ਹੈ। ਇਸ ਵਿਚ ਉਨ੍ਹਾਂ ਦੀ ਪਤਨੀ ਸੋਫੀ ਗਰੇਗੋਇਰ ਟਰੂਡੋ ਦਾ ਵੱਖ ਹੋਣਾ ਸ਼ਾਮਿਲ ਹੈ ਜਿਸ ਦਾ ਉਨ੍ਹਾਂ ਨੇ ਅਗਸਤ ਦੇ ਸ਼ੁਰੂ ਵਿਚ ਐਲਾਨ ਕੀਤਾ ਸੀ। ਦੋਵੇਂ 18 ਸਾਲ ਵਿਆਹ ਬੰਧਨ ਵਿਚ ਬੱਝੇ ਰਹੇ ਹਨ। ਹੁਣ ਉਹ ਵੱਖੋ ਵੱਖਰੇ ਰਹਿੰਦੇ ਹਨ ਅਤੇ ਆਪਣੇ ਤਿੰਨੇ ਬੱਚਿਆਂ ਦੀ ਸਾਂਝੀ ਦੇਖਭਾਲ ਕਰਦੇ ਹਨ। ਇਸ ਦੇ ਨਾਲ ਹੁਣ ਤਾਜ਼ਾ ਚੋਣ ਸਰਵੇਖਣਾਂ ਵਿਚ ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਹਰੇਕ ਸੂਬੇ ਤੇ ਟੈਰੀਟਰੀ ਵਿਚ ਬੀਤੇ ਸਮੇਂ ਦੇ ਲਿਬਰਲ ਵੋਟਰਾਂ ਦਾ ਸਮਰਥਨ ਵਧਾ ਰਹੇ ਹਨ। ਲਿਬਰਲ ਕੌਕਸ ਕ੍ਰਿਸਮਸ ਪਾਰਟੀ ਵਿਚ ਇਕ ਭਾਵੁਕ ਕਰਨ ਵਾਲੇ ਭਾਸ਼ਣ ਵਿਚ ਟਰੂਡੋ ਨੇ ਕਿਹਾ ਕਿ ਪੋਲੀਵਰ ਆਪਣੀ ਪਹੁੰਚ ਨੂੰ ਆਮ ਸਮਝ ਵਾਲੀ ਕਹਿੰਦੇ ਹਨ ਜੋ ਕਿ ਬਕਵਾਸ ਹੈ। ਬਹੁਤ ਸਾਰੇ ਲੋਕ ਜਿਹੜੇ ਟਰੂਡੋ ਨੂੰ ਜਾਣਦੇ ਹਨ ਦਾ ਕਹਿਣਾ ਕਿ ਜਦੋਂ ਵੀ ਉਹ ਵੀ ਦੂਸਰਿਆਂ ਤੋਂ ਕਮਜ਼ੋਰ ਦਿਸਦਾ ਹੈ ਤਾਂ ਉਹ ਸਭ ਤੋਂ ਵੱਧ ਮਜ਼ਬੂਤ ਹੁੰਦਾ ਹੈ। ਪਿਛਲੇ ਅੱਠ ਸਾਲ ਤੋਂ ਟਰੂਡੋ ਦੇ ਮੁੱਖ ਸਲਾਹਕਾਰ ਰਹੇ ਜ਼ੀਟਾ ਅਸਟਰਾਵਸ ਦਾ ਕਹਿਣਾ ਕਿ ਜਦੋਂ ਟਰੂਡੋ ਦੇ ਸਾਹਮਣੇ ਚੁਣੌਤੀ ਹੁੰਦੀ ਹੈ ਤਾਂ ਉਹ ਬਿਹਤਰੀਨ ਕਾਰਗੁਜ਼ਾਰੀ ਪੇਸ਼ ਕਰਦਾ ਹੈ। ਟਰੂਡੋ ਨੇ ਜਿਹੜੀਆਂ ਵੀ ਤਿੰਨ ਫੈਡਰਲ ਚੋਣਾਂ ਜਿੱਤੀਆਂ ਹਨ ਉਹ ਕਦੇ ਵੀ ਉਨ੍ਹਾਂ ਵਿਚ ਪੱਕਾ ਜੇਤੂ ਨਹੀਂ ਦਿਸਿਆ। ਉਹ 2015 ਵਿਚ ਤੀਸਰੇ ਸਥਾਨ ਵਾਲੀ ਪਾਰਟੀ ਦੇ ਨੇਤਾ ਵਜੋਂ ਦੌੜ ਵਿਚ ਸ਼ਾਮਿਲ ਹੋਇਆ ਅਤੇ ਬਹੁਮਤ ਵਾਲੀ ਸਰਕਾਰ ਨਾਲ ਜੇਤੂ ਬਣ ਕੇ ਉਭਰਿਆ ਸੀ।






































S T & A Simpson, Thomas and Associates
Get the legal support you need now.
Serving all of British Columbia
• Family Law
• Personal Injury
• Estate Litigation
• Employment Law
• Immigration Law
• Insurance Denials
We have translators fluent in Hindi and Punjabi.
Book your legal consultation
604 689 8888
simpsonthomas.com
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.
@stalawyers
BBB ACCREDITED BUSINESS

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 11 ISSUE : 51 SATURDAY, 23 DECEMBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਕੈਬਨਿਟ ਮੰਤਰੀ ਅਮਨ ਅਰੋੜਾ ਸਮੇਤ ਨੌਂ ਵਿਅਕਤੀਆਂ ਨੂੰ ਦੋ-ਦੋ ਸਾਲ ਦੀ ਸਜ਼ਾ

ਸੁਨਾਮ-ਸਬ ਡਿਵੀਜ਼ਨ ਜੁਡੀਸ਼ਲ ਮੈਜਿਸਟ੍ਰੇਟ ਗੁਰਪਿੰਦਰ ਸਿੰਘ ਜੌਹਲ ਸੁਨਾਮ ਦੀ ਅਦਾਲਤ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਸਮੇਤ ਨੌਂ ਵਿਅਕਤੀਆਂ ਨੂੰ ਵੱਖ ਵੱਖ ਧਾਰਾਵਾਂ ਤਹਿਤ ਦੋ-ਦੋ ਸਾਲ ਦੀ ਸਜ਼ਾ ਸੁਣਾਈ ਗਈ ਹੈ ਅਤੇ ਪੰਜ ਪੰਜ ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਇਹਨਾਂ ਵਿਚੋਂ ਇਕ ਵਿਅਕਤੀ ਮਨਜੀਤ ਸਿੰਘ ਦੀ ਮੌਤ ਹੋ ਚੁੱਕੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੀਨੀਅਰ ਵਕੀਲ ਤੇਜਪਾਲ ਭਾਰਦਵਾਜ ਅਤੇ ਸੁਸ਼ੀਲ ਕੁਮਾਰ ਵਸ਼ਿਸ਼ਟ ਸੁਨਾਮ ਨੇ ਦੱਸਿਆ ਕਿ ਰਜਿੰਦਰ ਦੀਪਾ ਜੋ ਕਿ ਅੱਜ ਕੱਲ ਸ਼੍ਰੋਮਣੀ ਅਕਾਲੀ ਦਲ ਦੇ ਸੁਨਾਮ ਤੋਂ ਹਲਕਾ ਇਂਚਾਰਜ ਹਨ, ਵੱਲੋਂ 2008 ਵਿਚ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਅਮਨ ਅਰੋੜਾ ਅਤੇ ਉਸ ਦੇ ਸਾਥੀਆਂ ਨੇ ਉਸ ਦੇ ਘਰ ਵਿੱਚ ਜ਼ਬਰਦਸਤੀ ਦਾਖ਼ਲ ਹੋ ਕੇ ਉਸ ਦੀ ਕੁੱਟਮਾਰ ਕੀਤੀ ਸੀ ਅਤੇ ਪੁਲੀਸ ਵੱਲੋਂ ਇਸ ਮਾਮਲੇ ਵਿੱਚ ਕੋਈ ਕਾਰਵਾਈ ਨਹੀਂ ਸੀ ਕੀਤੀ। ਉਸ ਤੋਂ ਬਾਅਦ ਉਹਨਾਂ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਤਕਰੀਬਨ 15 ਸਾਲ ਚੱਲੇ ਇਸ ਕੇਸ ਦੀ ਸੁਣਵਾਈ ਕਰਦਿਆਂ ਅੱਜ ਸਬ ਡਿਵੀਜ਼ਨ ਜੁਡੀਸ਼ਲ ਮਜਿਸਟ੍ਰੇਟ ਗੁਰਪਿੰਦਰ ਸਿੰਘ ਜੌਹਲ ਦੀ ਅਦਾਲਤ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਤੋਂ ਇਲਾਵਾ ਮਾਤਾ ਪ੍ਰਮੇਸ਼ਵਰੀ ਦੇਵੀ, ਰਾਜਿੰਦਰ ਰਾਜਾ ਬੀਰਕਲਾਂ, ਸਤਿਗੁਰ ਸਿੰਘ ਨਮੋਲ, ਕੁਲਦੀਪ ਸ਼ੇਰੋਂ, ਚਿਤਵੰਤ ਸਿੰਘ, ਜਗਜੀਵਨ ਰਾਮ ਲੱਕੀ, ਬਲਜਿੰਦਰ ਸਿੰਘ ਅਤੇ ਲਾਭ ਸਿੰਘ ਨੀਲੋਵਾਲ ਨੂੰ ਜ਼ੇਰੇ ਧਾਰਾ 452 ਆਈਪੀਸੀ ਤਹਿਤ ਦੋ ਦੋ ਸਾਲ ਅਤੇ ਜ਼ੇਰੇ ਧਾਰਾ



323 ਤਹਿਤ ਇੱਕ ਇੱਕ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਮੌਕੇ ਰਜਿੰਦਰ ਦੀਪਾ ਨੇ ਕਿਹਾ ਕਿ ਬੇਸ਼ੱਕ ਮਾਣਯੋਗ ਅਦਾਲਤ ਵੱਲੋਂ 15 ਸਾਲ ਬਾਅਦ ਇਹ ਫੈਸਲਾ ਸੁਣਾਇਆ ਗਿਆ ਹੈ। ਉਹਨਾਂ ਕਿਹਾ ਕਿ ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਇਹਨਾਂ ਵੱਲੋਂ ਘਰ ਚ ਵੜਕੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਮੇਰਾ ਪੁਲੀਸ ਵੱਲੋਂ ਉਸ ਸਮੇਂ ਮਾਮਲਾ ਵੀ ਦਰਜ ਨਹੀਂ ਕੀਤਾ ਗਿਆ ਸੀ। ਇਸ ਮੌਕੇ ਰਜਿੰਦਰ ਸਿੰਘ ਰਾਜਾ ਬੀਰਕਲਾਂ ਨੇ ਕਿਹਾ ਕਿ ਇਹ ਪਰਿਵਾਰਕ ਝਗੜਾ ਹੈ। 14-15 ਸਾਲਾਂ ਤੋਂ ਅਸੀਂ ਧੱਕੇ ਖਾ ਰਹੇ ਹਾਂ। ਅਸੀਂ ਪ੍ਰੇਸ਼ਾਨੀ ਦੇ ਦੌਰ ਵਿੱਚੋਂ ਲੰਘ ਰਹੇ ਹਾਂ। ਇਹਨਾਂ ਦਾ ਪਹਿਲਾਂ ਸਮਝੌਤਾ ਹੋ ਗਿਆ ਸੀ। ਮੇਰਾ ਇਸ ਲੜਾਈ ਝਗੜੇ ਨਾਲ ਕੋਈ ਸੰਬੰਧ ਨਹੀਂ ਸਾਡੇ ਨਾਲ ਧੱਕਾ ਹੋ ਰਿਹਾ ਹੈ। ਉਹਨਾਂ ਕਿਹਾ ਕਿ ਉਹ ਇਸ ਫੈਸਲੇ ਦੀ ਉੱਪਰਲੀ ਅਦਾਲਤ ਵਿੱਚ ਅਪੀਲ ਕਰਾਂਗੇ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਦੇਸ਼ ਦੀ ਨਿਆਂ ਪ੍ਰਣਾਲੀ 'ਤੇ ਸਾਨੂੰ ਰੱਬ ਜਿੰਨਾ ਵਿਸ਼ਵਾਸ ਹੈ। ਰਜਿੰਦਰ ਦੀਪਾ ਵੱਲੋਂ ਮੇਰੇ ਮਾਤਾ ਜੀ ਨੂੰ ਅੰਦਰ ਬੰਦ ਕਰਕੇ ਸੱਟਾਂ ਮਾਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਜਿਸ ਤਹਿਤ 308 ਦਾ ਪਰਚਾ ਵੀ ਦਰਜ਼ ਹੋਇਆ ਸੀ। 2012 ਤੋਂ ਪਹਿਲਾਂ ਸਮਝੌਤਾ ਹੋ ਗਿਆ ਸੀ, ਪਰ ਜਦੋਂ ਮੈਨੂੰ ਟਿਕਟ ਮਿਲ ਗਈ ਤਾਂ ਇਹ ਸਮਝੌਤੇ ਤੋਂ ਭੱਜ ਗਏ ਸੀ ਅਤੇ ਸਾਡੇ ਵੱਲੋਂ ਕੇਸ ਵੀ ਵਾਪਸ ਲੈ ਲਿਆ ਗਿਆ ਸੀ। ਜ਼ਿਕਰਯੋਗ ਇਹ ਹੈ ਕਿ ਮੁਦਈ ਰਜਿੰਦਰ ਕੁਮਾਰ ਦੀਪਾ, ਕੈਬਨਿਟ ਮੰਤਰੀ ਅਮਨ ਅਰੋੜਾ ਦਾ ਰਿਸ਼ਤੇਦਾਰ ਵਜੋਂ ਜੀਜਾ ਲੱਗਦਾ ਹੈ।

# ਭਾਰਤ ਨੇ ਨਿਖਿਲ ਗੁਪਤਾ ਤੱਕ ਤਿੰਨ ਵਾਰ ਕੀਤੀ ਸ.ਫ਼ਾਰਤੀ ਰਸਾਈ

ਨਵੀਂ ਦਿੱਲੀ-ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਅਮਰੀਕਾ 'ਚ ਹੱਤਿਆ ਦੀ ਕੋਸ਼ਿਸ਼ ਲਈ ਕਥਿਤ ਤੌਰ 'ਤੇ ਘੜੀ ਸਾਜ਼ਿਸ਼ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਚੈੱਕ ਗਣਰਾਜ ਦੀ ਜੇਲ੍ਹ 'ਚ ਬੰਦ ਨਿਖਿਲ ਗੁਪਤਾ ਤੱਕ ਭਾਰਤ ਨੇ ਤਿੰਨ ਵਾਰ ਸਫ਼ਾਰਤੀ ਰਸਾਈ ਬਣਾਈ ਸੀ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਨਿਖਿਲ ਗੁਪਤਾ ਨੂੰ ਲੋੜੀਂਦਾ ਸਫ਼ਾਰਤੀ ਸਹਿਯੋਗ ਵੀ ਦੇ ਰਿਹਾ ਹੈ। ਗੁਪਤਾ ਨਾਲ ਸਬੰਧਤ ਮਾਮਲੇ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਬਾਗਚੀ ਨੇ ਕਿਹਾ,"ਭਾਰਤੀ ਨਾਗਰਿਕ ਇਸ ਸਮੇਂ ਚੈੱਕ ਗਣਰਾਜ ਦੇ ਅਧਿਕਾਰੀਆਂ ਦੀ ਹਿਰਾਸਤ 'ਚ ਹੈ ਅਤੇ ਅਮਰੀਕਾ ਨੇ ਉਸ ਦੀ ਹਵਾਲਗੀ ਮੰਗੀ ਹੈ। ਸਫ਼ਾਰਤੀ ਰਸਾਈ ਰਾਹੀਂ ਸਾਨੂੰ ਉਸ ਨਾਲ ਤਿੰਨ ਵਾਰ ਗੱਲਬਾਤ ਦਾ ਮੌਕਾ ਮਿਲਿਆ ਹੈ।" ਬਾਗਚੀ ਨੇ ਕਿਹਾ ਕਿ ਇਸ ਵਿਅਕਤੀ ਦੇ ਪਰਿਵਾਰ ਨੇ ਹਵਾਲਗੀ ਮਾਮਲੇ 'ਚ ਭਾਰਤ ਸਰਕਾਰ ਦੇ ਦਖ਼ਲ ਅਤੇ ਕੇਸ ਦੀ ਨਿਰਪੱਖ ਸੁਣਵਾਈ ਦੇ ਨਿਰਦੇਸ਼ ਦੇਣ ਲਈ ਸੁਪਰੀਮ ਕੋਰਟ 'ਚ ਅਰਜ਼ੀ ਦਾਖ਼ਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅਦਾਲਤੀ ਅਖ਼ਤਿਆਰ ਵਰਗੇ ਮੁੱਦਿਆਂ 'ਤੇ ਇਸ ਮੌਕੇ ਕੋਈ ਟਿੱਪਣੀ



ਕਰਨਾ ਸਹੀ ਨਹੀਂ ਹੋਵੇਗਾ ਅਤੇ ਸਰਕਾਰ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਉਡੀਕ ਕਰੇਗੀ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ ਕਿ ਅਮਰੀਕਾ ਵੱਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਦੇ ਆਧਾਰ 'ਤੇ ਭਾਰਤ ਨੇ ਦੋਸ਼ਾਂ ਨੂੰ ਗੰਭੀਰਤਾ ਨਾਲ ਲਿਆ ਹੈ ਜਿਸ ਮਗਰੋਂ ਮਾਮਲੇ ਦੇ ਸਾਰੇ ਪੱਖਾਂ 'ਤੇ ਗੌਰ ਕਰਨ ਲਈ ਉੱਚ ਪੱਧਰੀ ਜਾਂਚ ਕਮੇਟੀ ਬਣਾਈ ਗਈ ਹੈ। ਬਾਗਚੀ ਨੇ ਇਹ ਬਿਆਨ ਉਸ ਸਮੇਂ ਦਿੱਤਾ ਜਦੋਂ ਉਨ੍ਹਾਂ ਨੂੰ ਸਵਾਲ ਕੀਤਾ ਗਿਆ ਕਿ ਪੰਜ ਭਾਰਤੀ-ਅਮਰੀਕੀ ਸੰਸਦ ਮੈਂਬਰਾਂ ਨੇ ਖ਼ਬਰਦਾਰ ਕੀਤਾ ਹੈ ਕਿ ਜੇਕਰ ਪੰਨੂ ਮਾਮਲੇ ਦੇ ਦੋਸ਼ੀਆਂ ਨੂੰ ਜਵਾਬਦੇਹ ਨਾ ਠਹਿਰਾਇਆ ਗਿਆ ਤਾਂ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਉਨ੍ਹਾਂ ਕਿਹਾ ਕਿ ਜਾਂਚ ਕਮੇਟੀ ਦੇ ਗਠਨ ਸਬੰਧੀ ਤੱਥ ਅਮਰੀਕੀ ਕਾਂਗਰਸ ਦੇ ਮੈਂਬਰਾਂ ਕੋਲ ਵੀ ਹਨ ਅਤੇ ਇਸ ਬਾਰੇ ਹੋਰ ਕੋਈ ਅਪਡੇਟ ਨਹੀਂ ਹੈ।

# ਭਾਰਤ ਨੇ ਉਠਾਇਆ ਕੈਨੇਡਾ 'ਚ ਵੱਖਵਾਦੀਆਂ ਅਨਸਰਾਂ ਨੂੰ ਦਿੱਤੀ ਜਾਂਦੀ ਖੁੱਲ੍ਹ ਦਾ ਮਸਲਾ

ਨਵੀਂ ਦਿੱਲੀ-ਭਾਰਤ ਨੇ ਮੁੜ ਜ਼ੋਰ ਦੇ ਕੇ ਆਖਿਆ ਕਿ ਕੈਨੇਡਾ ਵਿੱਚ ਵੱਖਵਾਦੀਆਂ, ਦਹਿਸ਼ਤਗਰਦਾਂ ਤੇ ਭਾਰਤ ਵਿਰੋਧੀ ਅਨਸਰਾਂ ਨੂੰ ਦਿੱਤੀ ਜਾਂਦੀ ਖੁੱਲ੍ਹ 'ਅਹਿਮ ਮਸਲਾ' ਸੀ ਤੇ ਰਹੇਗਾ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਇਹ ਟਿੱਪਣੀ ਅਜਿਹੇ ਮੌਕੇ ਕੀਤੀ ਹੈ ਜਦੋਂ ਅਜੇ ਇਕ ਦਿਨ ਪਹਿਲਾਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਾਅਵਾ ਕੀਤਾ ਸੀ ਕਿ ਅਮਰੀਕਾ ਵਿਚ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਵਿੱਚ ਭਾਰਤੀ ਨਾਗਰਿਕ 'ਤੇ ਦੋਸ਼ ਲੱਗਣ ਮਗਰੋਂ ਕੈਨੇਡਾ ਨੂੰ ਲੈ ਕੇ ਭਾਰਤ ਦੇ 'ਸੁਰ ਮੱਠੇ' ਪਏ ਹਨ। ਬਾਗਚੀ ਨੇ ਕਿਹਾ, "ਸਾਡੇ ਸਟੈਂਡ ਵਿੱਚ ਕੋਈ ਬਦਲਾਅ ਨਹੀਂ ਹੋਇਆ। ਅਸੀਂ ਵਾਰ ਵਾਰ ਇਸ ਗੱਲ ਨੂੰ ਉਭਾਰਦੇ ਰਹੇ ਹਾਂ ਕਿ ਅਸੀਂ ਸਮੱਸਿਆ ਨੂੰ ਕਿਵੇਂ ਦੇਖਦੇ ਹਾਂ। ਕੱਟੜਵਾਦੀਆਂ, ਦਹਿਸ਼ਤਗਰਦਾਂ ਤੇ ਭਾਰਤ ਵਿਰੋਧੀ ਅਨਸਰਾਂ ਨੂੰ ਕੈਨੇਡਾ ਵਿੱਚ ਦਿੱਤੀ ਜਾਂਦੀ ਖੁੱਲ੍ਹ ਅਜੇ ਵੀ ਅਹਿਮ ਮਸਲਾ ਹੈ।" ਬਾਗਚੀ ਨੇ ਹਾਲਾਂਕਿ ਟਰੂਡੋ ਦੇ ਉਪਰੋਕਤ ਬਿਆਨ ਨੂੰ ਲੈ ਕੇ ਕਿਸੇ ਤਰ੍ਹਾਂ ਦੀ ਸਿੱਧੀ ਟਿੱਪਣੀ ਤੋਂ ਗੁਰੇਜ਼ ਕੀਤਾ। ਬਾਗਚੀ ਨੇ ਕਿਹਾ, "ਉਨ੍ਹਾਂ ਨੇ ਕੋਈ ਬਦਲਾਅ ਮਹਿਸੂਸ ਕੀਤਾ ਹੈ ਜਾਂ ਨਹੀਂ, ਮੈਂ ਇਸ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ। ਯਕੀਨੀ ਤੌਰ 'ਤੇ ਸਾਡਾ ਸਟੈਂਡ ਅੱਜ ਵੀ ਉਹੀ ਹੈ ਤੇ ਅਸੀਂ ਆਸ ਕਰਦੇ ਹਾਂ ਕਿ ਉਹ ਅਜਿਹੇ ਕੱਟੜਵਾਦੀ ਅਨਸਰਾਂ, ਜੋ ਉਨ੍ਹਾਂ ਦੇ ਮੁਲਕ ਵਿਚ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਦੁਰਵਰਤੋਂ ਕਰ ਰਹੇ ਹਨ, ਖਿਲਾਫ਼ ਕਾਰਵਾਈ ਕਰਨਗੇ।"

GOLDMINE INSURANCE
A MEMBER OF ALL CANADIAN INSURANCE
ICBC autoplan
Home, Business, Auto
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸਾਈਮਨ ਫਰੇਜ਼ਰ ਯੂਨੀਵਰਸਟੀ ਦੇ ਵਿਦਿਆਰਥੀ ਗੁਰਦੁਆਰਾ ਨਾਨਕ ਨਿਵਾਸ ਵਿਖੇ ਨਤਮਸਤਕ ਹੋਏ

ਸਰੀ (ਹਰਦਮ ਮਾਨ)-ਬੀਤੇ ਦਿਨ ਸਾਈਮਨ ਫਰੇਜ਼ਰ ਯੂਨੀਵਰਸਟੀ ਦੇ ਕੁਝ ਵਿਦਿਆਰਥੀ ਆਪਣੇ ਪ੍ਰੋਫੈਸਰ ਡਾਕਟਰ ਜੇਸਨ ਬਰਾਊਨ ਨਾਲ ਗੁਰਦੁਆਰਾ ਨਾਨਕ ਨਿਵਾਸ ਵਿਖੇ ਨਤਮਸਤਕ ਹੋਏ। ਉਹ ਸਿੱਖ ਧਰਮ ਅਤੇ ਸਾਊਥ ਏਸ਼ੀਅਨ ਕਮਿਊਨਿਟੀ ਬਾਰੇ ਅਤੇ ਕਲਚਰ ਬਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਸਨ। ਇਹ ਉਹਨਾਂ ਦੇ ਯੂਨੀਵਰਸਟੀ ਕੋਰਸ ਦਾ ਭਾਗ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਜ਼ਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਉਹਨਾਂ ਦਾ ਸਵਾਗਤ ਕੀਤਾ ਅਤੇ ਵਿਸਥਾਰ ਨਾਲ ਸਿੱਖ ਧਰਮ ਅਤੇ ਆਪਣੀ ਕਮਿਊਨਿਟੀ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਬਹੁਤ ਹੀ ਢੁਕਵੇਂ ਸਵਾਲ ਪੁੱਛੇ। ਇਸ ਨੇ ਇਕ ਬਹੁਤ ਹੀ ਚੰਗੇ ਵਾਰਤਾਲਾਪ ਦਾ ਰੂਪ ਧਾਰਨ ਕਰ ਲਿਆ। ਇਸ ਉਪਰੰਤ ਉਹਨਾਂ ਸਭ ਨੇ ਗੁਰੂ ਕੇ ਲੰਗਰ ਦਾ ਆਨੰਦ ਮਾਣਿਆ ਅਤੇ ਗੁਰੂ ਘਰ ਦੀ ਪ੍ਰਬੰਧਕ



ਕਮੇਟੀ ਦਾ ਬਹੁਤ ਹੀ ਨਿੱਘੇ ਸਵਾਗਤ ਲਈ ਧੰਨਵਾਦ ਕੀਤਾ। ਸ. ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਕਿ ਅੱਜ ਕੱਲ੍ਹ ਸੰਸਾਰ ਵਿਚ ਦੇਸ਼ਾਂ ਅਤੇ ਕੌਮਾਂ ਵਿਚ ਝਗੜੇ ਸਮੁੱਚੀ ਮਾਨਵਤਾ ਲਈ ਬਹੁਤ ਚਿੰਤਾਜਨਕ ਹਨ। ਇਹੋ ਜਿਹੇ ਵਾਤਾਵਰਣ ਵਿਚ ਅਮਨ ਜਾਂ ਸ਼ਾਂਤੀ ਲਈ ਕੋਈ ਵੀ ਯਤਨ ਸ਼ਲਾਘਾਯੋਗ ਹੈ । ਇਸ ਸੰਬੰਧ ਵਿਚ ਰਿਚਮੰਡ ਦਾ ਹਾਈਵੇ ਟੂ ਹੈਵਨ (ਸਵਰਗ ਦਾ ਰਾਹ) ਅਮਨ , ਸ਼ਾਂਤੀ ਅਤੇ ਸਾਂਝੀ ਭਾਈਵਾਲਤਾ ਦਾ ਇਕ ਚਾਨਣ ਮਨਾਰਾ ਹੈ। ਇਹ ਰਾਹ ਇਸ ਸ਼ਹਿਰ ਦਾ ਸ਼ਿੰਗਾਰ ਹੀ ਨਹੀਂ ਬਲਕਿ ਦੂਸਰਿਆਂ ਲਈ ਵੀ ਇਕ ਸੋਹਣਾ ਮਾਡਲ ਹੈ। ਰਿਚਮੰਡ ਦੇ ਇਸ ਨੰਬਰ ਪੰਜ ਰੋਡ ਉਪਰ ਗੁਰਦੁਆਰਾ ਨਾਨਕ ਨਿਵਾਸ ਸਭ ਤੋਂ ਪਹਿਲਾਂ ਬਣਨ ਵਾਲਾ ਧਾਰਮਿਕ ਅਸਥਾਨ ਹੈ। ਅੱਜ ਇਸ ਰੋਡ ਉਪਰ 25 ਦੇ ਕਰੀਬ ਵੱਖਰੇ ਵੱਖਰੇ ਧਰਮਾਂ ਦੇ ਅਸਥਾਨ ਅਤੇ ਧਾਰਮਿਕ ਸਕੂਲ ਹਨ। ਇਹ ਸਭ ਇਸ ਸ਼ਹਿਰ ਦਾ ਮਾਣ ਵਧਾ ਰਹੇ ਹਨ। ਇਸ ਰਾਹ ਉਪਰ ਗੁਰਦੁਆਰੇ ਤੋਂ ਬਿਨਾਂ ਇਕ ਮਸਜਦ, ਦੋ ਹਿੰਦੂ ਮੰਦਰ, ਦੋ ਬੋਧੀ ਮੰਦਰ ਅਤੇ ਇਸਾਈ ਧਰਮ ਦੇ ਕਾਫੀ ਚਰਚ ਅਤੇ ਧਾਰਮਿਕ ਸਕੂਲ ਹਨ। ਇਹਨਾਂ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਅਤੇ ਵੱਖਰੇ ਵੱਖਰੇ ਧਰਮਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਦੇ ਵਿਦਿਆਰਥੀ ਅਤੇ ਹੋਰ ਸੱਜਣ ਲਗਾਤਾਰ ਆਉਂਦੇ ਰਹਿੰਦੇ ਹਨ। ਇਸ ਸਿਲਸਿਲੇ ਵਿਚ ਗੁਰਦੁਆਰਾ ਨਾਨਕ ਨਿਵਾਸ ਬਹੁਤ ਚੰਗੀ ਭੂਮਿਕਾ ਨਿਭਾ ਰਿਹਾ ਹੈ।




## ਅਵਤਾਰ ਸਿੰਘ ਮਾਂਗਟ ਨਮਿੱਤ ਅੰਤਿਮ ਅਰਦਾਸ 29 ਦਸੰਬਰ ਨੂੰ

ਸਰੀ-ਅਮਰ ਮਾਂਗਟ ਤੇ ਜਸ ਮਾਂਗਟ ਦੇ ਸਤਿਕਾਰਯੋਗ ਪਿਤਾ ਜੀ ਸਰਦਾਰ ਅਵਤਾਰ ਸਿੰਘ ਮਾਂਗਟ (ਰਿਟਾਇਰਡ ਆਈ.ਜੀ. ਬੀ.ਐੱਸ.ਐੱਫ.) ਜੋ ਕਿ ਬੀਤੀ 15 ਦਸੰਬਰ ਨੂੰ ਸਵੇਰੇ 11:30 ਵਜੇ ਸ਼ਾਂਤੀਪੂਰਵਕ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਮਿਤੀ 29 ਦਸੰਬਰ, 2023 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਰਿਵਰਸਾਈਡ ਫਿਊਨਰਲ ਹੋਮ, 7410 ਹਾਪਕੋਟ



ਰੋਡ, ਡੈਲਟਾ ਬੀ.ਸੀ. ਵਿਖੇ ਹੋਵੇਗਾ। ਇਸ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਬਰੁਕਸਾਈਡ, 8365-140 ਸਟ੍ਰੀਟ, ਸਰੀ, ਬੀ.ਸੀ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਮਰ ਮਾਂਗਟ ਨਾਲ 604-307-6687 ਅਤੇ ਜਸ ਮਾਂਗਟ ਨਾਲ 778-875-0872 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਚਾਰ ਕੈਨੇਡੀਅਨਾਂ ਵਿਚੋਂ ਇਕ ਲਈ ਬੁਨਿਆਦੀ ਲੋੜਾਂ ਚਿੰਤਾ ਦਾ ਕਾਰਨ-ਸਰਵੇਖਣ

ਓਟਵਾ-ਇਕ ਨਵੇਂ ਸਰਵੇਖਣ ਵਿਚ ਪਤਾ ਲੱਗਾ ਹੈ ਕਿ ਚਾਰ ਵਿਚੋਂ ਇਕ ਕੈਨੇਡੀਅਨ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਆਮਦਨ ਬਾਰੇ ਬਹੁਤ ਚਿੰਤਤ ਹੈ ਅਤੇ ਇਕੱਲੇ ਮਾਪਿਆਂ ਨੂੰ ਸਭ ਤੋਂ ਵੱਧ ਮੁਸ਼ਕਿਲ ਨੂੰ ਮਹਿਸੂਸ ਕੀਤਾ ਜਾ ਰਿਹਾ ਹੈ। ਸਾਲਵੇਸ਼ਨ ਆਰਮੀ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਕੈਨੇਡੀਅਨਾਂ ਦੇ ਰਵੱਈਏ ਅਤੇ ਗਰੀਬੀ ਅਤੇ ਸਮਾਜਿਕ-ਆਰਥਿਕ ਮੁੱਦਿਆਂ ਨਾਲ ਸਬੰਧਤ ਤਜਰਬਿਆਂ ਦੀ ਜਾਂਚ ਦੇ ਹਿੱਸੇ ਵਜੋਂ ਡਾਟਾ ਜਾਰੀ ਕੀਤਾ ਹੈ। 40 ਫ਼ੀਸਦੀ ਸਿੰਗਲ ਮਾਪੇ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਬਹੁਤ ਚਿੰਤਤ ਹਨ। ਐਡਲਮੈਨ ਡਾਟਾ ਅਤੇ ਇੰਟੈਲੀਜੈਂਟ ਵਲੋਂ ਕੀਤੀ ਖੋਜ ਮੁਤਾਬਿਕ ਪੰਜ ਕੈਨੇਡੀਅਨਾਂ ਵਿਚੋਂ ਇਕ ਘੱਟ ਖਾ ਰਿਹਾ ਹੈ ਤਾਂ ਜੋ ਉਨ੍ਹਾਂ ਦੇ ਬੱਚੇ ਜਾਂ ਦੂਸਰੇ ਪਰਿਵਾਰਕ ਮੈਂਬਰ ਖਾ ਸਕਣ ਅਤੇ ਪੰਜ ਵਿਚੋਂ ਇਕ ਨੇ ਪਿਛਲੇ ਸਾਲ ਘੱਟੋ ਘੱਟ ਇਕ ਵਾਰ ਦਾ ਖਾਣਾ ਛੱਡ ਦਿੱਤਾ ਜਾਂ ਖਾਣੇ ਦੇ ਆਕਾਰ ਘਟਾ ਦਿੱਤਾ ਕਿਉਂਕਿ ਉਹ ਗਰੋਸਰੀਜ਼ ਦਾ ਭਾਰ ਨਹੀਂ ਸਨ ਸਹਿ ਸਕਦੇ।



















# ਬੀ.ਸੀ. ਪੰਜਾਬੀ ਪ੍ਰੈੱਸ ਕਲੱਬ ਵੱਲੋਂ ਸ਼ਾਨਦਾਰ ਸਾਲਾਨਾ ਪਾਰਟੀ

ਸਰੀ-ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਪ੍ਰੈਸ ਕਲੱਬ ਵੱਲੋਂ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਹਰ ਸਾਲ ਦੀ ਤਰਾਂ ਡਿਨਰ ਪਾਰਟੀ ਦਾ ਆਯੋਜਨ ਕੀਤਾ ਗਿਆ। ਸਰੀ ਦੇ ਪੰਜਾਬੀ ਕੁਜ਼ੀਨ ਰੈਸਟੋਰੈਂਟ ਵਿਖੇ ਸਮੁੱਚੇ ਪ੍ਰੈਸ ਕਲੱਬ ਦੇ ਮੈਂਬਰਾਂ ਨੇ ਮਨੋਰੰਜਕ ਗਤੀਵਿਧੀਆਂ ਅਤੇ ਖਾਣੇ ਦਾ ਆਨੰਦ ਮਾਣਿਆ । ਪ੍ਰੈਸ ਕਲੱਬ ਦੀ ਪ੍ਰਧਾਨ ਬੀਬਾ ਬਲਜਿੰਦਰ ਕੌਰ ਵੱਲੋਂ ਕੀਤੇ ਸੁਚੱਜੇ ਪ੍ਰਬੰਧਾਂ ਕਾਰਨ ਇਹ ਸ਼ਾਮ ਯਾਦਗਾਰ ਹੋ ਨਿਬੜੀ। ਉੱਭਰ ਰਹੇ ਨੌਜਵਾਨ ਗਾਇਕ ਕਰਨਵੀਰ ਸਿੰਘ ਨੇ ਗਿਟਾਰ ਅਤੇ ਆਪਣੀ ਦਮਦਾਰ ਆਵਾਜ਼ ਵਿੱਚ ਗੀਤ ਗਾ ਕੇ ਸਾਰਿਆਂ ਨੂੰ ਕੀਲ ਕੇ ਬਿਠਾਈ ਰੱਖਿਆ। ਇਸ ਸਮੇਂ ਕੁਝ ਖੇਡਾਂ ਵੀ ਖੇਡੀਆਂ ਗਈਆਂ ਅਤੇ ਜਿੱਤਣ ਵਾਲੇ ਮੈਂਬਰਾਂ ਨੂੰ ਇਨਾਮ ਦਿੱਤੇ ਗਏ। ਵੱਖ ਵੱਖ ਅਦਾਰਿਆਂ ਦੇ ਪੱਤਰਕਾਰਾਂ ਨੇ ਆਪਸੀ ਵਿਚਾਰ ਵਟਾਂਦਰੇ ਦੌਰਾਨ ਆਉਣ ਵਾਲੇ ਸਾਲ ਵਿੱਚ ਪੰਜਾਬੀ ਪ੍ਰੈਸ ਕਲੱਬ ਨੂੰ ਹੋਰ ਵੀ ਵਧੀਆ ਤਰੀਕੇ ਨਾਲ਼ ਚਲਾਉਣ ਲਈ ਕੁਝ ਸੁਝਾਵਾਂ ਉਤੇ ਸਹਿਮਤੀ ਪ੍ਰਗਟ ਕੀਤੀ ਅਤੇ ਵੱਖ-ਵੱਖ ਮੀਡੀਆ ਅਦਾਰਿਆਂ ਨਾਲ ਸਬੰਧਿਤ ਮੈਂਬਰਾਂ ਵੱਲੋਂ ਸਮੁੱਚੇ ਸਮਾਜ ਨੂੰ ਸੇਵਾਵਾਂ ਦਿੰਦਿਆਂ ਹਰ ਤਰਾਂ ਦੇ ਸਮਾਜਿਕ ਮੁੱਦਿਆਂ ਪ੍ਰਤੀ ਲੋਕਾਂ ਦੀ ਆਵਾਜ ਹੋਰ ਬੁਲੰਦ ਕਰਨ ਲਈ ਪ੍ਰਣ ਕੀਤਾ ਗਿਆ।

## ਕ੍ਰੈਸੈਂਟ ਬੀਚ ਪਾਰਕਿੰਗ ਦੀਆਂ ਸੈਂਕੜੇ ਥਾਵਾਂ ਗੈਰਕਾਨੂੰਨੀ ਤੌਰ ’ਤੇ ਰਾਖਵੀਆਂ ਕੀਤੀਆਂ ਹੋਈਆਂ-ਸਰੀ ਸਟਾਫ

ਸਰੀ-ਸ਼ਹਿਰ ਦੇ ਸਟਾਫ ਦਾ ਕਹਿਣਾ ਕਿ ਕ੍ਰੇਸੈਂਟ ਬੀਚ ਵਿਚ ਅਣਅਧਿਕਾਰਤ ਰਾਖਵੀਂ ਪਾਰਕਿੰਗ ਖਿਲਾਫ ਕਾਰਵਾਈ ਕਰਨ ਨਾਲ ਨੇਬਰਹੁੱਡ ਵਿਚ 400 ਮੋਟਰ ਗੱਡੀਆਂ ਲਈ ਥਾਂ ਖੁਲ੍ਹ ਸਕਦੀ ਹੈ। ਕੌਂਸਲ ਵਿਚ ਪਿਛਲੇ ਦਿਨੀ ਪੇਸ਼ ਕੀਤੀ ਕਾਰਪੋਰੇਟ ਰਿਪੋਰਟ ਮੁਤਾਬਿਕ ਵਿਆਪਕ ਪਾਰਕਿੰਗ ਸਰਵੇਖਣ ਵਿਚ ਇਹ ਸਿੱਟਾ ਕੱਢਿਆ ਗਿਆ ਕਿ ਦੋਵਾਂ ਰੈਜ਼ੀਡੈਂਟਸ, ਵਪਾਰਕ ਕਾਰੋਬਾਰ, ਗਾਹਕਾਂ ਅਤੇ ਮੌਸਮੀ ਵਿਜ਼ਟਰਜ਼ ਲਈ ਪਾਰਕਿੰਗ ਸਪਲਾਈ ਕਾਫੀ ਹੈ। ਰਿਪੋਰਟ ਵਿਚ ਕਿਹਾ ਗਿਆ ਕਿ ਮੌਕੇ ’ਤੇ ਕੀਤੇ ਨਿਰੀਖਣ ਵਿਚ ਨਿਰਧਾਰਤ ਕੀਤਾ ਗਿਆ ਕਿ 300 ਤੋਂ 400 ਪਾਰਕਿੰਗ ਸਥਾਨਾਂ ਨੂੰ ਨੋ ਪਾਰਕਿੰਗ ਚਿੰਨਾਂ, ਪੱਥਰਾਂ ਜਾਂ ਅਣਅਧਿਕਾਰਤ ਲੈਂਡਸਕੇਪਿੰਗ ਵਰਗੇ ਗੈਰਕਾਨੂੰਨੀ ਢੰਗਾਂ ਨਾਲ ਰੋਕਿਆ ਹੋਇਆ ਹੈ। ਇਨ੍ਹਾਂ ਅਣਅਧਿਕਾਰਤ ਰੁਕਾਵਟਾਂ ਨਾਲ ਸਟਰੀਟ ਪਾਰਕਿੰਗ ਤਕ ਪਹੁੰਚ ਨਹੀਂ ਬਣਦੀ ਜਿਸ ਨਾਲ ਲਗਪਗ 1200 ਆਨ-ਸਟਰੀਟ ਪਾਰਕਿੰਗ ਘਟ ਕੇ 800 ਥਾਵਾਂ ਤਕ ਰਹਿ ਗਈ ਹੈ। ਇਲਾਕੇ ਵਿਚ ਟਰੈਫਿਕ ਤੇ ਪਾਰਕਿੰਗ ਦੀਆਂ ਚਿੰਤਾਵਾਂ ਨਵੀਆਂ ਨਹੀਂ ਹਨ।

## ਸਰੀ ਸਕੂਲ ਬੋਰਡ ਵਲੋਂ ਵਿਵਾਦਪੂਰਣ ਨਵੇਂ ਵਿਦਿਆਰਥੀ ਮੁਲਾਂਕਣ ਸਿਸਟਮ ਦਾ ਸਮਰਥਨ

ਸਰੀ-ਸਰੀ ਸਕੂਲ ਬੋਰਡ ਨੇ ਵਿਵਾਦਪੂਰਣ ਤਬਦੀਲੀ ਦਾ ਸਮਰਥਨ ਦਿੱਤਾ ਹੈ ਜਿਸ ਤਹਿਤ ਬੀਸੀ ਵਿਚ ਕਿੰਡਰਗਾਰਟਨ ਤੋਂ ਨੌਂਵੀ ਜਮਾਤ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲ ਦੇ ਕੰਮ ਲਈ ਲੈਟਰ ਗ੍ਰੇਡ ਨਹੀਂ ਦਿੱਤੇ ਜਾਣਗੇ। ਨਵੇਂ ਗ੍ਰੇਡਿੰਗ ਸਿਸਟਮ ਨੂੰ ਇਕ ਨਿਪੁੰਨਤਾ ਸਕੇਲ ਵਜੋਂ ਦਰਸਾਇਆ ਗਿਆ ਹੈ ਜਿਸ ਵਿਚ ਏ ਤੋਂ ਐਫ ਤਕ ਲੈਟਰ ਗਰੇਡ ਜਿਸ ਦੀ ਰਵਾਇਤੀ ਤੌਰ ’ਤੇ ਵਰਤੋਂ ਹੁੰਦੀ ਹੈ ਦੀ ਥਾਂ ਵਿਦਿਆਰਥੀਆਂ ਦੇ ਰਿਪੋਰਟ ਕਾਰਡਾਂ ’ਤੇ ਉਭਾਰ, ਵਿਕਾਸ, ਨਿਪੁੰਨਤਾ ਜਾਂ ਵਿਸਤਾਰ ਵਜੋਂ ਲੇਬਲ ਕੀਤਾ ਜਾਵੇਗਾ। 10ਵੀਂ ਤੋਂ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਲੈਟਰ ਰਾਹੀਂ ਗ੍ਰੇਡ ਦਿੱਤਾ ਜਾਣਾ ਜਾਰੀ ਰਹੇਗਾ। ਦਸੰਬਰ ਵਿਚ ਸਕੂਲ ਬੋਰਡ ਦੀ ਰੈਗੂਲਰ ਮੀਟਿੰਗ ਵਿਚ ਡਾਇਰੈਕਟਰ ਆਫ ਇੰਸਟਰੱਕਸ਼ਨ ਕੈਥੀ ਪੁਹਾਰੀਚ ਨੇ ਕਿਹਾ ਕਿ ਅਸੀਂ ਹੁਨਰ ਅਤੇ ਯੋਗਤਾ ’ਤੇ ਜ਼ੋਰ ਦੇਣ ਵਿਚ ਤਬਦੀਲੀ ਦੇਖ ਰਹੇ ਹਾਂ ਅਤੇ ਵਿਦਿਆਰਥੀ ਸਹਿਯੋਗ ਨਾਲ ਕੰਮ ਕਰਦੇ ਹਨ ਅਤੇ ਵਿਦਿਾਰਥੀ ਵੱਖ ਵੱਖ ਸੰਦਰਭਾਂ ਵਿਚ ਪ੍ਰਾਪਤ ਕੀਤੇ ਹੁਨਰਾਂ ਨੂੰ ਤਬਦੀਲ ਕਰਨ ਤੇ ਲਾਗੂ ਕਰਨ ਦੇ ਯੋਗ ਹੋ ਰਹੇ ਹਨ। ਉਂਜ ਇਸ ਤਬਦੀਲੀ ਦੀ ਬਹੁਤ ਸਾਰੇ ਮਾਪਿਆਂ ਤੇ ਅਧਿਆਪਕਾਂ ਨੇ ਆਲੋਚਨਾ ਕੀਤੀ ਹੈ ਜਦਕਿ ਸਰੀ ਟਰੱਸਟੀ ਫ਼ੈਸਲੇ ਦਾ ਸਮਰਥਨ ਕਰਦੇ ਲਗਦੇ ਹਨ।


UNI GLOBAL IMMIGRATION
CONSULTING SERVICES LTD.

*Your Dream......Our Passion*

**For All Your Immigration Related Needs**

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962

rcic · cric

#12387 - 75 Ave., Surrey BC V3W 2S7
Email: contactuniglobal@gmail.com



HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615

Unit 204 - 7928 128 St.
(York Business Centre) Surrey

www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਇਤਿਹਾਸ ਵਿਚ ਕੈਨੇਡਾ ਦੀ ਜਨਸੰਖਿਆ ਪਿਛਲੀ ਤਿਮਾਹੀ ਵਿਚ ਸਭ ਤੋਂ ਤੇਜ਼ੀ ਨਾਲ ਵਧੀ

ਓਟਵਾ-ਕੈਨੇਡਾ ਦੀ ਆਬਾਦੀ ਵਿਚ ਵਾਧੇ ਦੀ ਰਫਤਾਰ ਲਗਾਤਾਰ ਰਿਕਾਰਡ ਬਣਾ ਰਹੀ ਹੈ ਅਤੇ ਇਹ ਇਤਿਹਾਸਕ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਆਰਜ਼ੀ ਵਿਦੇਸ਼ੀ ਵਰਕਰ ਪ੍ਰੋਗਰਾਮ ਰਾਹੀਂ ਆਰਜ਼ੀ ਰੈਜ਼ੀਡੈਂਟਸ ਨਾਲ ਵਧੀ ਹੈ। ਤੀਸਰੀ ਤਿਮਾਹੀ ਦੌਰਾਨ ਦੇਸ਼ ਦੀ ਵਸੋਂ 430000 ਤੋਂ ਵੀ ਜ਼ਿਆਦਾ ਵਧੀ ਹੈ ਅਤੇ 1957 ਪਿੱਛੋਂ ਇਹ ਜਨਸੰਖਿਆ ਵਿਚ ਵਾਧੇ ਦੀ ਸਭ ਤੋਂ ਤੇਜ਼ ਰਫਤਾਰ ਹੈ। ਸਟੈਟਿਸਟਿਕਸ ਕੈਨੇਡਾ ਨੇ ਇਕ ਅਕਤੂਬਰ ਨੂੰ ਜਾਰੀ ਜਨਸੰਖਿਆ ਅਨੁਮਾਨਾਂ ਵਿਚ ਦੱਸਿਆ ਕਿ ਕੈਨੇਡਾ ਦੀ ਆਬਾਦੀ 40.5 ਮਿਲੀਅਨ ਹੋ ਗਈ ਹੈ। ਏਜੰਸੀ ਨੇ ਦੱਸਿਆ ਕਿ 2023 ਦੇ ਪਹਿਲੇ 9 ਮਹੀਨਿਆਂ ਵਿਚ ਜਨਸੰਖਿਆ



ਦਾ ਵਾਧਾ ਕਿਸੇ ਵੀ ਦੂਸਰੇ ਪੂਰੇ ਸਾਲ ਦੇ ਕੁਲ ਵਾਧੇ ਨੂੰ ਪਹਿਲਾਂ ਹੀ ਪਾਰ ਕਰ ਗਿਆ ਹੈ ਜਿਸ ਵਿਚ 2022 ਵਿਚ ਬਣਿਆਂ ਰਿਕਾਰਡ ਵੀ ਸ਼ਾਮਿਲ ਹੈ। ਇਹ ਵਾਧਾ ਅੰਤਰਰਾਸ਼ਟਰੀ ਪ੍ਰਵਾਸ ਨਾਲ ਹੋਇਆ ਹੈ ਜਿਸ ਵਿਚ 313000 ਗੈਰ ਸਥਾਈ ਨਿਵਾਸੀ ਸ਼ਾਮਿਲ ਹਨ ਜਿਹੜੇ ਤਿੰਨ ਮਹੀਨਿਆਂ ਦੌਰਾਨ ਦੇਸ਼ ਵਿਚ ਆਏ ਹਨ। ਸਟੈਟਿਸਟਿਕਸ ਕੈਨੇਡਾ ਦਾ ਕਹਿਣਾ ਕਿ ਜਿਹੜੇ ਵੀ ਗੈਰ-ਸਥਾਈ ਨਿਵਾਸੀ ਹਨ ਉਨ੍ਹਾਂ ਵਿਚੋਂ ਬਹੁਤੇ ਕੰਮ ਤੇ ਸਟੱਡੀ ਪਰਮਿਟ ਧਾਰਕ ਹਨ ਅਤੇ ਕੁਝ ਹੱਦ ਤਕ ਸ਼ਰਨਾਰਥੀ ਦਾਅਵੇਦਾਰ ਹਨ। ਮਾਹਿਰ ਚਿਤਾਵਨੀ ਦੇ ਰਹੇ ਹਨ ਕਿ ਜਨਸੰਖਿਆ ਵਾਧੇ ਦੀ ਮਜ਼ਬੂਤ ਰਫਤਾਰ ਕੈਨੇਡਾ ਵਿਚ ਘਰਾਂ ਦੀ ਅਫੋਰਡਅਬਿਲਟੀ ਨੂੰ ਖੋਰਾ ਲਗਾ ਰਹੀ ਹੈ ਜਿਸ ਕਾਰਨ ਦੇਸ਼ ਨੂੰ ਘਰਾਂ ਦੀ ਉਸਾਰੀ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਜਨਸੰਖਿਆ ਵਿਚ ਮਜ਼ਬੂਤ ਵਾਧਾ ਲਿਬਰਲਜ਼ ਲਈ ਸਿਆਸੀ ਖਤਰਾ ਵੀ ਬਣ ਰਿਹਾ ਹੈ ਜਿਨ੍ਹਾਂ ਨੇ ਅਫੋਰਡਅਬਿਲਟੀ ਚਿੰਤਾਵਾਂ ਦਰਮਿਆਨ ਆਪਣੀ ਲੋਕਪ੍ਰਿਯਤਾ ਦੀ ਗੱਲ ਨੂੰ ਦੇਖਿਆ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਬੈਂਕ ਆਫ ਕੈਨੇਡਾ ਦੇ ਡਿਪਟੀ ਗਵਰਨਰ ਟੋਨੀ ਗਰੈਵਲ ਨੇ ਆਰਥਿਕਤਾ ਅਤੇ ਮਹਿੰਗਾਈ 'ਤੇ ਪ੍ਰਵਾਸ ਦੇ ਪੈ ਰਹੇ ਅਸਰ ਬਾਰੇ ਭਾਸ਼ਣ ਦਿੱਤਾ ਸੀ। ਗਰੈਵਲ ਨੇ ਸਵੀਕਾਰ ਕੀਤਾ ਸੀ ਕਿ ਪ੍ਰਵਾਸ ਵਿਚ ਵਾਧਾ ਨਾਲ ਬਹੁਤ ਸਾਰੇ ਲਾਭ ਹੋ ਰਹੇ ਹਨ ਅਤੇ ਇਸ ਨੇ ਆਰਥਿਕਤਾ ਨੂੰ ਵਧਾਉਣ, ਵਰਕ ਫੋਰਸ ਵਿਚ ਵਿਸਤਾਰ ਅਤੇ ਬਜ਼ੁਰਗ ਆਬਾਦੀ ਦਾ ਮੁਕਾਬਲਾ ਕਰਨ ਵਿਚ ਮਦਦ ਕੀਤੀ ਹੈ ਪਰ ਉਨ੍ਹਾਂ ਚਿਤਾਵਨੀ ਦਿੱਤੀ ਕਿ ਜੋਨਿੰਗ ਪਾਬੰਦੀਆਂ ਅਤੇ ਉਸਾਰੀ ਵਰਕਰਾਂ ਦੀ ਘਾਟ ਸਮੇਤ ਇਸ ਨਾਲ ਹਾਊਸਿੰਗ ਬਾਜ਼ਾਰ 'ਤੇ ਦਬਾਅ ਵਧ ਰਿਹਾ ਹੈ।



## ਐਨਡੀਪੀ ਨੇਤਾ ਜਗਮੀਤ ਸਿੰਘ ਦੇ ਦੂਸਰੀ ਬੱਚੀ ਦਾ ਜਨਮ

ਓਟਵਾ-ਐਨਡੀਪੀ ਨੇਤਾ ਜਗਮੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਗੁਰਕਿਰਨ ਕੌਰ ਸਿੱਧੂ ਦੂਸਰੀ ਵਾਰ ਮਾਣਮੱਤੇ ਮਾਪੇ ਬਣੇ ਹਨ ਅਤੇ ਉਨ੍ਹਾਂ ਦੇ ਘਰ ਦੂਸਰੀ ਬੱਚੀ ਨੇ ਜਨਮ ਲਿਆ ਹੈ। ਪਾਰਟੀ ਅਧਿਕਾਰੀਆਂ ਨੇ ਦੱਸਿਆ ਕਿ ਦੋਵੇਂ ਬੱਚੀ ਅਤੇ ਮਾਂ ਸਿਹਤਮੰਦ ਹਨ। ਬੱਚੀ ਦਾ ਜਨਮ ਸੋਮਵਾਰ ਹੋਇਆ ਜਿਸ ਦਿਨ ਲਿਬਰਲ ਪਾਰਟੀ ਨੇ ਕੌਮੀ ਡੈਂਟਲ ਕੇਅਰ ਪ੍ਰੋਗਰਾਮ ਦਾ ਐਲਾਨ ਕੀਤਾ ਜਿਸ ਨੂੰ ਸਮਝੌਤੇ ਤਹਿਤ ਐਨਡੀਪੀ ਨੇ ਪੇਸ਼ ਕੀਤਾ ਸੀ। ਸਰਕਾਰ ਵਲੋਂ ਐਨਡੀਪੀ ਦੀਆਂ ਤਰਜੀਹਾਂ 'ਤੇ ਕਾਰਵਾਈ ਕਰਨ ਬਦਲੇ ਸਿੰਘ ਦੀ ਪਾਰਟੀ ਪਾਰਲੀਮੈਂਟ ਵਿਚ ਘੱਟਗਿਣਤੀ ਲਿਬਰਲ ਸਰਕਾਰ ਦਾ ਸਮਰਥਨ ਕਰਨ ਲਈ ਸਹਿਮਤ ਹੋ ਗਈ ਸੀ।

## ਕੈਨੇਡਾ ਵਿਚ ਮਕਾਨ ਬਣਾਉਣ ਦੀ ਸਾਲਾਨਾ ਰ.ਫਤਾਰ ਨਵੰਬਰ ਵਿਚ 22 .ਫੀਸਦੀ ਘਟੀ

ਓਟਵਾ-ਕੈਨੇਡਾ ਵਿਚ ਮਕਾਨ ਬਣਾਉਣ ਦੀ ਸਾਲਾਨਾ ਰਫ਼ਤਾਰ ਨਵੰਬਰ ਵਿਚ 22 ਫ਼ੀਸਦੀ ਘਟ ਗਈ ਕਿਉਂਕਿ ਥੋੜੇ ਬਹੁ-ਯੂਨਿਟ ਪ੍ਰਾਜੈਕਟਾਂ 'ਤੇ ਕੰਮ ਸ਼ੁਰੂ ਹੋਇਆ ਹੈ। ਕੈਨੇਡਾ ਮੌਰਟਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਨੇ ਕਿਹਾ ਕਿ ਅਕਤੂਬਰ ਵਿਚ 272,264 ਯੂਨਿਟਾਂ ਦੇ ਮੁਕਾਬਲੇ ਨਵੰਬਰ ਵਿਚ 212,624 ਯੂਨਿਟਾਂ 'ਤੇ ਕੰਮ ਸ਼ੁਰੂ ਹੋਇਆ ਹੈ। ਸੀਐਮਐਚਸੀ ਦੇ ਡਿਪਟੀ ਚੀਫ ਇਕਨਾਮਿਸਟ ਕੇਵਿਨ ਹਿਊਜ ਨੇ ਇਕ ਬਿਆਨ ਵਿਚ ਕਿਹਾ ਕਿ ਨਵੰਬਰ ਵਿਚ ਮਕਾਨ ਬਣਾਉਣ, ਖ਼ਾਸਕਰ ਮਲਟੀ-ਯੂਨਿਟ ਥਾਵਾਂ ਦੀ ਉਸਾਰੀ ਦੀ ਦਰ ਵਿਚ ਕਮੀ ਇਕ ਵੱਡੀ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਅਤੇ ਇਹ ਨਿਰਮਾਣ ਸਮਾਂ ਸੀਮਾਵਾਂ ਨੂੰ ਪ੍ਰਭਾਵਤ ਕਰਨ ਵਾਲੀ ਸਖਤ ਆਰਥਿਕ ਸਥਿਤੀ ਦੀ ਝਲਕ ਪੇਸ਼ ਕਰਦੀ ਹੈ। ਹੁਣ ਜਿਸ ਤਰ੍ਹਾਂ ਉਧਾਰ ਲੈਣ ਦੀਆਂ ਜ਼ਿਆਦਾ ਮੁਸ਼ਕਿਲ ਵਾਲੀਆਂ ਸਥਿਤੀਆਂ ਅਤੇ ਲੇਬਰ ਦੀ ਘਾਟ ਕਾਰਨ ਘੱਟ ਮਕਾਨ ਬਣਾਉਣ ਦੀ ਸ਼ੁਰੂਆਤ ਦਿਸ ਰਹੀ ਹੈ ਉਸੇ ਤਰ੍ਹਾਂ ਅਸੀਂ ਆਉਣ ਵਾਲੇ ਮਹੀਨਿਆਂ ਵਿਚ ਵੀ ਹੌਲੀ ਸ਼ੁਰੂਆਤ ਦੇਖਣ ਦੀ ਆਸ ਕਰ ਸਕਦੇ ਹਾਂ।







# ਪੋਲੀਵਰ ਨੂੰ ਕੈਨੇਡੀਅਨ ਪ੍ਰੈਸ 2023 ਨਿਊਜ਼ਮੇਕਰ ਆਫ ਦੀ ਈਅਰ ਚੁਣਿਆਂ



ਓਟਵਾ-ਮਤਦਾਤਾਵਾਂ ਦੇ ਚਿੰਤਤ ਹੋਣ ਅਤੇ ਲਿਬਰਲ ਦੇ ਵੋਟਰਾਂ ਦੇ ਘਟਦੀ ਗਿਣਤੀ ਨੇ ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਦੇ ਪ੍ਰੋਫਾਈਲ ਨੂੰ ਉਭਾਰਿਆ ਹੈ ਜਿਸ ਨੂੰ ਦੇਸ਼ ਭਰ ਦੇ ਸੰਪਾਦਕਾਂ ਨੇ ਕੈਨੇਡੀਅਨ ਪ੍ਰੈਸ 2023 ਨਿਊਜ਼ਮੇਕਰ ਆਫ ਦੀ ਈਅਰ ਚੁਣਿਆਂ ਹੈ। ਸਰਵੇਖਣ ਦੇ ਜਵਾਬ ਵਿਚ ਨੈਸ਼ਨਲ ਪੋਸਟ ਦੇ ਮੁੱਖ ਸੰਪਾਦਕ ਰੌਬ ਰੋਬਰਟਸ ਲਿਖਦੇ ਹਨ ਕਿ ਉਨ੍ਹਾਂ ਨੇ ਸਿਆਸੀ ਗੱਲਬਾਤ ਨੂੰ ਬਦਲ ਦਿੱਤਾ ਹੈ ਅਤੇ ਲੜਕੇ ਨੇ ਲਾਭ ਪ੍ਰਾਪਤ ਕੀਤਾ ਹੈ। ਉਹ ਸਪਸ਼ਟ ਰੂਪ ਵਿਚ ਅਗਲਾ ਪਸੰਦੀਦਾ ਪ੍ਰਧਾਨ ਮੰਤਰੀ ਹੈ। ਕੈਨੇਡੀਅਨ ਪ੍ਰੈਸ ਦੇ ਸਾਲਾਨਾ ਸਰਵੇਖਣ ਵਿਚ 97 ਵੋਟ ਪਏ ਅਤੇ ਦੇਸ਼ ਭਰ ਦੇ ਵੱਖ ਵੱਖ ਮੀਡੀਆ ਆਊਟਲੈਂਟਸ ਤੋਂ ਹਿਸਾ ਲੈਣ ਵਾਲੇ 26 ਸੰਪਾਦਕਾਂ ਨੇ ਪੋਲੀਵਰ ਦੇ ਇਸ ਸਾਲ ਦੇ ਨਿਊਜ਼ਮੇਕਰ ਵਜੋਂ ਚੋਣ ਕੀਤੀ ਹੈ। ਮਨੀਟੋਬਾ ਦਾ ਨਵਾਂ ਐਨਡੀਪੀ ਪ੍ਰੀਮੀਅਰ ਵੈਬ ਕਿਨਿਊ ਜਿਹੜਾ ਕੈਨੇਡਾ ਵਿਚ ਫਸਟ ਨੇਸ਼ਨ ਤੋਂ ਪਹਿਲਾ ਸੂਬਾ ਪ੍ਰੀਮੀਅਰ ਹੈ 14 ਫ਼ੀਸਦੀ ਵੋਟਾਂ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਾਲ ਬਰਾਬਰ ਦੂਸਰੇ ਸਥਾਨ 'ਤੇ ਰਿਹਾ। 44 ਸਾਲਾ ਪੋਲੀਵਰ ਸਤੰਬਰ 2022 ਨੂੰ ਪਹਿਲੀ ਵੋਟ ਜਿੱਤ ਨਾਲ ਨੇਤਾ ਚੁਣੇ ਗਏ ਸਨ। ਉਨ੍ਹਾਂ ਨੇਂ ਪਾਰਟੀ ਅਤੇ ਇਸ ਦੀ ਕੌਕਸ ਨੂੰ ਇਕਜੁੱਟ ਕੀਤਾ। ਇਹ ਏਕਤਾ ਅਧੁਨਿਕ ਕੰਸਰਵੇਟਿਵ ਪਾਰਟੀ ਆਫ ਕੈਨੇਡਾ ਦੇ ਪਹਿਲੇ ਨੇਤਾ ਸਟੀਫਨ ਹਾਰਪਰ ਤੋਂ ਬਾਅਦ ਦੇਖਣ ਨੂੰ ਨਹੀਂ ਸੀ ਮਿਲੀ। ਉਹ ਕੈਨੇਡਾ ਦੇ 10 ਸਾਲ ਪ੍ਰਧਾਨ ਮੰਤਰੀ ਰਹੇ। ਚੋਣਾਂ ਵਿਚ ਸਮਰਥਨ ਵਧਣ ਤੋਂ ਕੁਝ ਮਹੀਨਿਆਂ ਪਿੱਛੋਂ ਅਧਿਕਾਰਤ ਵਿਰੋਧੀ ਧਿਰ ਦਾ ਨੇਤਾ 2024 ਵਿਚ ਅੱਗੇ ਚਲ ਰਿਹਾ ਹੈ ਜਦਕਿ ਟਰੂਡੋ ਤੇ ਉਨ੍ਹਾਂ ਦੇ ਲਿਬਰਲਜ਼ ਪਿੱਛੇ ਚਲ ਰਹੇ ਹਨ। ਪੋਲੀਵਰ ਨੇ ਆਪਣੀ ਅਣਥੱਕ ਐਕਸ ਦੀ ਟੈਕਸ ਮੁਹਿੰਮ ਨਾਲ ਕਾਰਬਨ ਕੀਮਤਾਂ ਬਾਰੇ ਬਹਿਸ ਨੂੰ ਮੁੜ ਸੁਰਜੀਤ ਕੀਤਾ ਹੈ।

# ਇਮਰੋਜ਼ ਨਹੀਂ ਰਹੇ, 98 ਸਾਲ ਦੀ ਉਮਰੇ ਮੁੰਬਈ 'ਚ ਦੇਹਾਂਤ

ਨਵੀਂ ਦਿੱਲੀ, (ਮਨਧੀਰ ਸਿੰਘ ਦਿਓਲ)-ਨਾਗਮਣੀ ਦੇ ਪੰਨਿਆਂ ਨੂੰ ਰੇਖਾ ਚਿੱਤਰਾਂ ਨਾਲ ਸਜਾਉਣ ਵਾਲੇ ਚਿੱਤਰਕਾਰ ਇਮਰੋਜ਼ ਦਾ ਮੁੰਬਈ ਵਿਖੇ ਸਵੇਰੇ ਦੇਹਾਂਤ ਹੋ ਗਿਆ। ਉਹ 98ਵੇਂ ਵਰ੍ਹੇ ਵਿੱਚ ਸਨ। ਇਮਰੋਜ਼ ਕਾਫੀ ਦਿਨਾਂ ਤੋਂ ਬਿਮਾਰ ਸਨ ਤੇ ਉਹ ਅੰਮ੍ਰਿਤਾ ਪ੍ਰੀਤਮ ਦੀ ਨੂੰਹ ਅਲਕਾ ਕੋਲ ਕਈ ਸਾਲਾਂ ਤੋਂ ਰਹਿ ਰਹੇ ਸਨ। ਮੁੰਬਈ ਉਨ੍ਹਾਂ ਕੋਲ ਗਈ ਹੋਈ ਲੇਖਿਕਾ ਅੰਮੀਆ ਕੰਵਰ ਨੇ ਦੱਸਿਆ ਕਿ ਇਮਰੋਜ਼ ਨੂੰ ਕੁਝ ਸਮਾਂ ਪਹਿਲਾਂ ਮੁੰਬਈ ਦੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ ਤੇ ਹੁਣ ਉਹ ਫੂਡ ਨਾਲੀ ਨਾਲ ਖਾਣਾ ਲੈ ਰਹੇ ਸਨ। ਉਨ੍ਹਾਂ ਆਖ਼ਰੀ ਉਮਰੇ ਕਵਿਤਾ ਲਿਖਣੀ ਸ਼ੁਰੂ ਕੀਤੀ ਤੇ ਕਿਤਾਬ ਵੀ ਪ੍ਰਕਾਸ਼ਿਤ ਕਰਵਾਈ। ਉਨ੍ਹਾਂ ਦਾ ਸਸਕਾਰ ਅੱਜ ਧਾਨੂਕਰਬਾੜੀ ਕਾਂਦੀਵਾਲੀ ਵੈਸਟ ਮੁੰਬਈ ਵਿਚ ਕੀਤਾ ਜਾਵੇਗਾ। ਪੰਜਾਬੀ ਸਾਹਿਤ ਸਭਾ ਦਿੱਲੀ ਦੀ ਚੇਅਰਪਰਸਨ ਡਾ. ਰੇਣੂਕਾ ਸਿੰਘ, ਡਾਇਰੈਕਟਰ ਬਲਬੀਰ ਮਾਧੋਪੁਰੀ, ਸਿੱਖ ਆਗੂ ਬਲਬੀਰ ਸਿੰਘ ਵਿਵੇਕ ਵਿਹਾਰ, ਵਿਸ਼ਵ ਪੰਜਾਬੀ ਸੰਸਥਾ ਦੇ ਕੌਮਾਂਤਰੀ ਚੇਅਰਮੈਨ ਵਿਕਰਮਜੀਤ ਸਿੰਘ ਸਾਹਨੀ, ਸ਼ਿਲਾਲੇਖ ਪ੍ਰਕਾਸ਼ਨ ਦੇ ਸਤੀਸ਼, ਦਿਆਲ ਸਿੰਘ ਕਾਲਜ ਦੇ ਡਾ. ਕਮਲਜੀਤ ਸਿੰਘ, ਸਹਾਇਕ ਪ੍ਰੋਫੈਸਰ ਹਰਮੀਤ ਕੌਰ, ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਰਵੀ ਰਵਿੰਦਰ, ਡਾ. ਨਛੱਤਰ ਸਿੰਘ, ਡਾ. ਕੁਲਬੀਰ ਗੋਜਰਾ ਸਮੇਤ ਹੋਰ ਪੰਜਾਬੀ ਪਿਆਰਿਆਂ ਨੇ ਇਮਰੋਜ਼ ਦੀ ਮੌਤ ਉਪਰ ਦੁੱਖ ਪ੍ਰਗਟ ਕੀਤਾ ਹੈ। ਇਮਰੋਜ਼ ਨੇ ਅੱਖਰਕਾਰੀ ਤੇ ਕਿਤਾਬਾਂ ਦੇ ਟਾਈਟਲ ਬਣਾਉਣ ਲਈ ਵੱਖਰੀ ਸ਼ੈਲੀ ਵਿਕਸਿਤ ਕੀਤੀ ਤੇ ਪੰਜਾਬੀ, ਹਿੰਦੀ, ਉਰਦੂ ਦੀਆਂ ਅਨੇਕਾਂ ਕਿਤਾਬਾਂ ਦੇ ਟਾਈਟਲ ਤਿਆਰ ਕੀਤੇ।



# ਕੈਨੇਡਾ 'ਚ ਗੈਸ ਨਾਲ ਚੱਲਣ ਵਾਲੀਆਂ ਕਾਰਾਂ ਤੇ ਟਰੱਕ 2035 ਤਕ ਹੀ ਵੇਚੇ ਜਾ ਸਕਣਗੇ

ਓਟਵਾ-ਕੈਨੇਡਾ ਵਿਚ ਸੜਕਾਂ 'ਤੇ ਗੈਸ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ ਦਾ ਅੰਤ ਹੋ ਰਿਹਾ ਹੈ। ਇਸ ਹਫਤੇ ਵਾਤਾਵਰਣ ਮੰਤਰੀ ਸਟੀਵਨ ਗਿਲਬੌਲਟ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਨਿਯਮ 2035 ਵਿਚ ਗੈਸੋਲੀਨ ਜਾਂ ਡੀਜ਼ਲ ਨਾਲ ਚੱਲਣ ਵਾਲੀਆਂ ਨਵੀਆਂ ਪੈਸੰਜਰ ਗੱਡੀਆਂ ਦੀ ਵਿਕਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕਰ ਦੇਣਗੇ। ਗਿਲਬੌਲਟ ਦਾ ਕਹਿਣਾ ਕਿ ਇਲੈਕਟ੍ਰਿਕ ਵਹੀਕਲ ਅਵੇਲੇਬਿਲਟੀ ਸਟੈਂਡਰਡ ਆਟੋ ਨਿਰਮਾਤਾਵਾਂ ਨੂੰ ਕੈਨੇਡਾ ਵਿਚ ਬੈਟਰੀ ਨਾਲ ਚੱਲਣ ਵਾਲੀਆਂ ਕਾਰਾਂ ਤੇ ਟਰੱਕਾਂ ਨੂੰ ਉਪਲਬਧ ਕਰਵਾਉਣ ਲਈ ਉਤਸ਼ਾਹਿਤ ਕਰੇਗਾ। ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਭਲੇਖਾ ਨਹੀਂ ਕਿ ਅਸੀਂ ਇਕ ਮਹੱਤਵਪੂਰਣ ਤਬਦੀਲੀ 'ਤੇ ਪਹੁੰਚ ਗਏ ਹਾਂ। ਕੈਨੇਡਾ ਵਿਚ ਇਲੈਕਟ੍ਰੀਕਲ ਮੋਟਰ ਗੱਡੀਆਂ ਦੀ ਵਿਕਰੀ ਵਿਚ ਕਾਫੀ ਵਾਧਾ ਹੋਇਆ ਹੈ ਅਤੇ ਮੰਗ ਉਪਲਬਧ ਸਪਲਾਈ ਨਾਲੋਂ ਵੱਧ ਗਈ ਹੈ। ਆਟੋਮੇਕਰਾਂ ਕੋਲ ਕੰਬਸ਼ਨ ਇੰਜਣ ਕਾਰਾਂ, ਟਰੱਕ ਅਤੇ ਐਸਯੂਵੀਜ਼ ਨੂੰ ਪੜਾਅ ਵਾਰ ਖਤਮ ਕਰਨ ਅਤੇ ਵਿਕਰੀ ਲਈ ਮੋਟਰ ਗੱਡੀਆਂ ਦੇ ਇਲੈਕਟ੍ਰਿਕ ਮਾਡਲ ਹੌਲੀ ਹੌਲੀ ਵਧਾਉਣ ਲਈ 12 ਸਾਲ ਦਾ ਸਮਾਂ ਹੈ। ਇਲੈਕਟ੍ਰਿਕ ਵਹੀਕਲ ਵਿਕਰੀ ਆਦੇਸ਼ ਨਿਯਮ ਇਸ ਹਫ਼ਤੇ ਦੇ ਅਖੀਰ ਵਿਚ ਪ੍ਰਕਾਸ਼ਿਤ ਕੀਤੇ ਜਾਣਗੇ। 2026 ਵਿਚ 20 ਫ਼ੀਸਦੀ ਇਲੈਕਟ੍ਰਿਕ ਮੋਟਰ ਗੱਡੀਆਂ ਦਾ ਉਤਪਾਦਨ ਸ਼ੁਰੂ ਹੋਵੇਗਾ ਅਤੇ 2027 ਵਿਚ ਥੋੜਾ ਵਧ ਕੇ 23 ਫ਼ੀਸਦੀ ਹੋ ਜਾਵੇਗਾ। ਇਸ ਪਿੱਛੋਂ ਇਲੈਕਟ੍ਰਿਕ ਮੋਟਰ ਗੱਡੀਆਂ ਦਾ ਹਿੱਸਾ ਤੇਜ਼ੀ ਨਾਲ ਵਧਣਾ ਸ਼ੁਰੂ ਹੋਵੇਗਾ। ਸਾਰੀਆਂ ਵੇਚੀਆਂ ਜਾਣ ਵਾਲੀਆਂ ਮੋਟਰ ਗੱਡੀਆਂ ਵਿਚੋਂ 2028 ਤਕ 34 ਫ਼ੀਸਦੀ, 2029 ਵਿਚ 43 ਅਤੇ 2030 ਵਿਚ 60 ਫ਼ੀਸਦੀ ਇਲੈਕਟ੍ਰਿਕ ਹੋਣੀਆਂ ਜ਼ਰੂਰੀ ਹੋਣਗੀਆਂ। 2035 ਵਿਚ 100 ਫ਼ੀਸਦੀ ਮੋਟਰ ਗੱਡੀਆਂ ਇਲੈਕਟ੍ਰਿਕ ਹੋਣ ਤਕ ਇਹ ਗਿਣਤੀ ਵਧਦੀ ਜਾਵੇਗੀ। ਦੋ ਸੂਬੇ ਕਿਊਬਕ ਤੇ ਬ੍ਰਿਟਿਸ਼ ਕੋਲੰਬੀਆ ਪਹਿਲਾਂ ਹੀ 20 ਫ਼ੀਸਦੀ ਇਲੈਕਟ੍ਰਿਕ ਮੋਟਰ ਗੱਡੀਆਂ ਦੇ ਪੱਧਰ 'ਤੇ ਪਹੁੰਚੇ ਹੋਏ ਹਨ।

# ਲਾਡਨੇਰ ਵਿਚ ਇਕ ਔਰਤ ਦੇ ਕਤਲ ਦੇ ਦੋਸ਼ ਵਿਚ ਪ੍ਰੀਤੀ ਟੀਨਾ ਕੌਰ ਪਨੇਸਰ ਗ੍ਰਿਫ਼ਤਾਰ

ਸਰੀ-ਲਾਡਨੇਰ ਵਿਚ ਇਕ ਔਰਤ ਦੇ ਕਤਲ ਲਈ ਪ੍ਰੀਤੀ ਟੀਨਾ ਕੌਰ ਪਨੇਸਰ ਨਾਂਅ ਦੀ ਔਰਤ ਖਿਲਾਫ ਦੋਸ਼ ਲਗਾਇਆ ਗਿਆ ਹੈ। ਪਿਛਲੇ ਦਿਨੀ ਇਕ ਔਰਤ ਦੀ ਸ਼ੱਕੀ ਹਾਲਤ ਵਿਚ ਮੌਤ ਹੋਣ ਦੀ ਰਿਪੋਰਟਾਂ ਮਿਲਣ ਪਿੱਛੋਂ 47ਏ ਵਿਚ ਪੈਂਦੇ ਇਕ ਘਰ ਵਿਖੇ ਡੀਪੀਡੀ ਅਧਿਕਾਰੀ ਪੁੱਜੇ। ਪੁਲਿਸ ਨੇ ਐਲਾਨ ਕੀਤਾ ਕਿ ਉਸ ਨੇ ਇਕ ਸ਼ੱਕੀ 28 ਸਾਲਾ ਪ੍ਰੀਤੀ ਟੀਨਾ ਕੌਰ ਪਨੇਸਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਿਸ ਖਿਲਾਫ ਔਰਤ ਦੀ ਮੌਤ ਦੇ ਸਬੰਧ ਵਿਚ ਫਸਟ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਹੈ ਅਤੇ ਉਸ ਨੂੰ ਹਿਰਾਸਤ ਵਿਚ ਰੱਖਿਆ ਜਾ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਪਨੇਸਰ ਤੇ ਮ੍ਰਿਤਕ ਵਿਚਕਾਰ ਪਰਿਵਾਰਕ ਰਿਸ਼ਤਾ ਸੀ ਅਤੇ ਮੌਤ ਬੀਸੀ ਗੈਂਗ ਹਿੰਸਾ ਨਾਲ ਸਬੰਧਤ ਨਹੀਂ। ਪੁਲਿਸ ਮੁਤਾਬਿਕ ਇਸ ਸਮੇਂ ਜਾਂਚ ਚਲਦੀ ਹੋਣ ਅਤੇ ਕਾਨੂੰਨੀ ਪ੍ਰਕਿਰਿਆਵਾਂ ਕਾਰਨ ਹੋਰ ਵੇਰਵਿਆਂ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। ਇਸ ਚੁਣੌਤੀਪੂਰਨ ਸਮੇਂ ਦੌਰਾਨ ਡੈਲਟਾ ਪੁਲਿਸ ਵਿਭਾਗ ਨੇ ਮ੍ਰਿਤਕ ਔਰਤ ਦੇ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕੀਤੀ ਹੈ।

# ਜੰਗ ਵਿਰੋਧੀ ਪ੍ਰਦਰਸ਼ਕਾਰੀਆਂ ਦੇ ਰੌਲੇ ਰੱਪੇ ਕਾਰਨ ਕੌਂਸਲ ਦੀ ਮੀਟਿੰਗ ਵਿਚ ਵਿਘਨ

ਸਰੀ-ਮੇਅਰ ਬਰੈਂਡਾ ਲੋਕ ਨੂੰ ਸ਼ਹਿਰ ਦੀ ਰੈਗੂਲਰ ਕੌਂਸਲ ਮੀਟਿੰਗ ਦੌਰਾਨ ਸੋਮਵਾਰ ਰਾਤ ਇਕ ਵਾਰ ਫਿਰ ਛੁੱਟੀ ਦਾ ਸੱਦਾ ਦੇਣਾ ਪਿਆ ਕਿਉਂਕਿ ਮੁਜ਼ਾਹਰਾਕਾਰੀਆਂ ਨੇ ਇਜ਼ਰਾਈਲ-ਹਮਾਸ ਵਿਚਕਾਰ ਜੰਗਬੰਦੀ ਦੀ ਮੰਗ ਨੂੰ ਲੈ ਕੇ ਚੈਂਬਰਸ ਵਿਚ ਚੀਕਣਾ ਸ਼ੁਰੂ ਕਰ ਦਿੱਤਾ ਸੀ। ਜਨਤਕ ਸੁਣਵਾਈ ਦੌਰਾਨ ਇਸ ਤਰ੍ਹਾਂ ਦੀ ਸਥਿਤੀ 20 ਨਵੰਬਰ ਦੀ ਕੌਂਸਲ ਦੀ ਮੀਟਿੰਗ ਦੌਰਾਨ ਪੈਦਾ ਹੋਈ ਸੀ। 18 ਦਸੰਬਰ ਨੂੰ ਕੌਂਸਲ ਮੈਂਬਰਾਂ ਵਲੋਂ ਚੈਂਬਰਸ ਤੋਂ ਚਲੇ ਜਾਣ ਪਿੱਛੋਂ ਵੀ ਮੁਜ਼ਾਹਰਾਕਾਰੀ ਉਥੇ ਰਹੇ ਅਤੇ ਉਨ੍ਹਾਂ ਨੇ ਚਿੰਨ ਫੜੇ ਹੋਏ ਸਨ ਅਤੇ ਇਹ ਨਾਅਰੇਬਾਜ਼ੀ ਕਰ ਰਹੇ ਸਨ ਕਿ ਬਰੈਂਡਾ ਤੁਸੀਂ ਛੁਪ ਨਹੀਂ ਸਕਦੇ ਅਤੇ ਜੰਗਬੰਦੀ ਹੁਣ ਏਜੰਡੇ 'ਤੇ ਲਉ, ਤੁਹਾਡੀ ਚੁੱਪ ਹਿੰਸਾ ਹੈ ਅਤੇ ਫਲਸਤੀਨ ਕਦੇ ਵੀ ਨਹੀਂ ਮਰੇਗਾ। ਪ੍ਰਦਰਸ਼ਨਕਾਰੀਆਂ ਨੇ ਵਾਰੋ ਵਾਰੀ ਭਾਸ਼ਣ ਦਿੱਤੇ ਅਤੇ ਪੁਲਿਸ ਅਧਿਕਾਰੀ ਚੁੱਪ-ਚਾਪ ਖੜੇ ਰਹੇ। ਇਕ ਘੰਟਾ ਬੀਤਣ ਪਿੱਛੋਂ ਪ੍ਰਦਰਸ਼ਨਕਾਰੀ ਚਲੇ ਗਏ ਅਤੇ ਕੌਂਸਲ ਦੀ ਮੀਟਿੰਗ ਫਿਰ ਸ਼ੁਰੂ ਹੋ ਗਈ ਪਰ ਦਰਸ਼ਕਾਂ ਦੀ ਗਿਣਤੀ ਕਾਫੀ ਘੱਟ ਸੀ।






# ਸਿਆਸੀ ਲਾਲਸਾਵਾਂ ਵਿਚ ਉਲਝੀ ਖਿਮਾ ਯਾਚਨਾ...

**ਸੁਖਵਿੰਦਰ ਸਿੰਘ ਚੋਹਲਾ**

ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਨੇ ਦਲ ਦੇ 103ਵੇਂ ਸਥਾਪਨਾ ਦਿਵਸ ਮੌਕੇ ਅਕਾਲੀ ਸਰਕਾਰ ਹੁੰਦਿਆਂ ਬੇਅਦਬੀ ਦੀਆਂ ਘਟਨਾਵਾਂ ਲਈ ਜਿੰਮੇਵਾਰ ਲੋਕਾਂ ਖਿਲਾਫ ਕਾਰਵਾਈ ਕਰਨ ਵਿਚ ਅਸਫਲ ਰਹਿਣ ਲਈ ਆਪਣੇ, ਆਪਣੇ ਮਰਹੂਮ ਪਿਤਾ ਤੇ ਅਕਾਲੀ ਦਲ ਦੀ ਤਰਫੋਂ ਹੱਥ ਜੋੜਕੇ ਸਿੱਖ ਕੌਮ ਕੋਲੋਂ ਖਿਮਾ ਜਾਚਨਾ ਕੀਤੀ ਹੈ। ਇਕੱਠ ਨੂੰ ਸੰਬੋਧਨ ਕਰਨ ਸਮੇਂ ਉਹਨਾਂ ਦਾ ਸਿੱਖ ਕੌਮ ਤੋਂ ਮੁਆਫੀ ਮੰਗਣ ਦਾ ਇਹ ਬਿਆਨ ਮੀਡੀਆ ਤੇ ਸੋਸ਼ਲ ਮੀਡੀਆ ਉਪਰ ਵੀ ਜਾਰੀ ਕੀਤਾ ਗਿਆ ਹੈ। ਉਹਨਾਂ ਦੇ ਬਿਆਨ ਦਾ ਮੂਲ ਰੂਪ ਇਹ ਹੈ ਕਿ..

"ਅੱਜ ਆਪਾਂ ਸਾਰੇ ਇਕੱਠੇ ਹੋਏ ਹਾਂ। ਮੈਂ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੋਣ ਦੇ ਨਾਤੇ, ਮੁੱਖ ਸੇਵਾਦਾਰ ਹੋਣ ਦੇ ਨਾਤੇ, ਆਪਾਂ ਸਾਰੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ 'ਬਿਰਾਜਮਾਨ' ਹਾਂ। ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁੱਖ ਹੋਕੇ, ਸਿਰ ਝੁਕਾਕੇ ਮੈਂ ਗੁਰੂ ਮਹਾਰਾਜ ਤੋ ਮੁਆਫੀ ਮੰਗਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਦੌਰਾਨ ਜੇ ਕਿਸੇ ਦਾ ਵੀ ਸਰਕਾਰ ਜਾਂ ਸਰਕਾਰ ਤੋਂ ਬਗੈਰ 'ਦੁਖ' ਦੁਖਾਇਆ ਹੋਵੇ ਤਾਂ ਅਸੀ ਮੁਆਫੀ ਚਾਹੁੰਨੇ ਆਂ। ਜੇ ਸਾਡੇ ਰਾਜ ਵਿਚ ਬੇਅਦਬੀਆਂ ਹੋਈਆਂ, ਕਿਉਂਕਿ ਆਮ ਸੰਗਤ ਵਿਚ 'ਮਨਸ਼ਾ' ਹੈ ਕਿ ਪੰਥਕ ਸਰਕਾਰ ਸੀ, ਹਾਂ ਪੰਥਕ ਸਰਕਾਰ ਸੀ, ਪਰ ਕਿਵੇਂ ਹੋਇਆ ਜਦੋਂ ਤੱਕ ਅਸੀਂ ਪਤਾ ਕਰਨ ਲੱਗੇ ਤਾਂ ਸਾਥੋਂ ਪਰੈਸ਼ਰ ਪਾਕੇ ਕੱਢ ਦਿੱਤਾ ਗਿਆ, ਸਾਨੂੰ ਉਹਦੀ ਵੀ ਮਾਫੀ ਕਿ ਅਸੀ ਦੋਸ਼ੀ ਨਹੀ ਫੜ ਸਕੇ। ਪਰ ਅਸੀ ਵਾਅਦਾ ਕਰਦੇ ਹਾਂ ਕਿ ਜੋ ਅਸਲੀ ਦੋਸ਼ੀ ਆ ਉਹਨਾਂ ਨੂੰ ਜੇਲਾਂ ਵਿਚ ਪਾਵਾਂਗੇ ਤੇ ਜਿਹਨਾਂ ਸਿਆਸਤ ਕੀਤੀ, ਉਹਨਾਂ ਦੀਆਂ 'ਸ਼ਕਲਾਂ' ਵੀ ਕੌਮ ਦੇ ਸਾਹਮਣੇ ਪੇਸ਼ ਕਰਾਂਗੇ। ਮੈਂ ਸ ਪਰਕਾਸ਼ ਸਿੰਘ ਬਾਦਲ ਦੀ ਤਰਫੋ ਵੀ ਕਿਉਂਕਿ ਉਹ ਹੁਣ ਸਾਡੇ ਵਿਚ ਨਹੀ ਰਹੇ, ਪਾਰਟੀ ਦੇ ਮੁੱਖ ਸੇਵਾਦਾਰ ਵਜੋਂ, ਸਮੁੱਚੀ ਪਾਰਟੀ ਦੀ ਲੀਡਰਸ਼ਿਪ ਦੀ ਤਰਫੋ ਤੇ ਸਮੁੱਚੇ ਪਾਰਟੀ ਵਰਕਰਾਂ ਦੀ ਤਰਫੋਂ ਕਿਉਂਕਿ ਵਰਕਰ ਵੀ ਪਾਰਟੀ ਦੀ ਜਾਨ ਹੁੰਦੇ ਆ, ਅਸੀ ਪ੍ਰਮਾਤਮਾ ਦੇ ਸਾਹਮਣੇ ਅਰਦਾਸ ਬੇਨਤੀ ਕਰੀਏ ਕਿ ਪ੍ਰਮਾਤਮਾ, ਜਾਣੇ ਅਣਜਾਣੇ ਸਾਥੋਂ ਕੋਈ ਵੀ ਭੁੱਲ ਹੋਈ ਹੋਵੇ , ਅਸੀ ਸਿਰ ਝੁਕਾਕੇ ਮਾਫੀ ਮੰਗਦੇ ਹਾਂ। ਅਸੀ ਜੋ ਗੁਰੂ ਸਾਹਿਬਾਂ ਦੇ ਦੱਸੇ ਹੋਏ ਰਸਤੇ,ਸਿਧਾਂਤਾਂ ਤੇ, ਜਿਵੇਂ ਸਿਧਾਂਤ ਆ-ਅਮਨ ਸਾਂਤੀ, ਭਾਈਚਾਰਕ ਸਾਂਝ ਦਾ,ਸਰਬੱਤ ਦੇ ਭਲੇ ਦਾ, ਪੰਜਾਬ ਦੀ ਤਰੱਕੀ ਦਾ, ਉਸੇ ਈ ਸਿਧਾਂਤਾਂ ਤੇ ਸਾਡੇ ਸਿਰ ਤੇ ਹੱਥ ਰੱਖਣ, ਸਮੁੱਚੇ ਵਰਕਰਾਂ ਤੇ ਸਾਡੀ ਜਥੇਬੰਦੀ ਤੇ ਕਿ ਅਸੀਂ ਪੰਜਾਬ ਨੂੰ ਫਿਰ ਤੋਂ ਵਾਪਸ ਉਹਨਾਂ ਲੀਹਾਂ ਤੇ ਲੈਕੇ ਆਈਏ। ਕਿਉਂਕਿ ਜਿਹੋ ਜਿਹੀ ਹਾਲਾਤ ਬਣ ਗਈ ਆ ਪੰਜਾਬ ਵਿਚ । ਪੰਜ ਸਾਲ ਕਾਂਗਰਸ ਦੇ ਅਤੇ ਜਿਵੇ ਦੇ ਹੁਣ ਹੁਕਮਰਾਨ ਆਏ ਆ, ਉਹ ਜਿਸ ਤਰੀਕੇ ਨਾਲ ਲੱਗੇ ਆ, ਜਿਸ ਤਰੀਕੇ ਨਾਲ ਉਹਨਾਂ ਗੁਰੂ ਘਰਾਂ ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ, ਆਪਣੀ ਪੁਲਿਸ ਰਾਹੀ, ਇਹੋ ਜਿਹਾ ਸੀਨ ਆਪਾਂ ਅੱਜ ਤੱਕ ਕਦੇ ਨਹੀ ਵੇਖਿਆ। ਸੋ ਆਪਣੀ ਫੌਜ ਨੂੰ ਬਲ ਬਖਸ਼ਣ, ਅਸੀ ਇਹੋ ਜਿਹੇ ਦੁਸ਼ਮਣਾਂ ਦਾ ਸਾਹਮਣਾ ਕਰ ਸਕੀਏ ਤੇ ਪੰਜਾਬ ਨੂੰ ਇਕੱਠਾ ਕਰਕੇ,ਅਸੀਂ ਸੱਚੀ ਅਗਵਾਈ, ਜਿਹੋ ਜਿਹੀ ਪਹਿਲਾਂ ਦਿੰਦੇ ਰਹੇ ਆਂ, ਉਹ ਸੱਚੀ ਅਗਵਾਈ ਦੇ ਕੇ ਖਾਲਸਾ ਪੰਥ ਦੀ ਚੜਦੀ ਕਲਾ ਵਾਸਤੇ ਤੇ ਪੰਜਾਬ ਦੀ ਤਰੱਕੀ ਵਾਸਤੇ ਲੜਾਈ ਲੜੀਏ।" ਆਪਣੀ ਇਸ ਖਿਮਾ ਜਾਚਨਾ ਦੇ ਨਾਲ ਹੀ ਪ੍ਰਧਾਨ ਸਾਹਿਬ ਨੇ ਅਕਾਲੀ ਦਲ ਤੋਂ ਤੋੜ ਵਿਛੋੜਾ ਕਰਨ ਵਾਲੇ ਆਗੂਆਂ ਨੂੰ ਇਕ ਝੰਡੇ ਹੇਠ ਇਕੱਤਰ ਹੋਣ ਅਤੇ ਏਕਤਾ ਦੀ ਅਪੀਲ ਕੀਤੀ ਹੈ।



ਸਿੱਖ ਪੰਥ ਤੋਂ ਮੁਆਫੀ ਮੰਗਣ ਦੇ ਢੰਗ ਤਰੀਕੇ ਅਤੇ ਬਿਆਨ ਦੀ ਕੱਚ -ਘਰੜ ਸ਼ਬਦਾਵਲੀ ਦੀ ਚੀਰ- ਫਾੜ ਕਰਨ ਨੂੰ ਪਾਸੇ ਰੱਖਦਿਆਂ ਉਹਨਾਂ ਦੇ ਮੁਆਫੀਨਾਮੇ ਅਤੇ ਏਕਤਾ ਦੀ ਅਪੀਲ ਨੂੰ ਰਲਵਾਂ ਮਿਲਵਾਂ ਪ੍ਰਤੀਕਰਮ ਵੇਖਣ ਨੂੰ ਮਿਲਿਆ ਹੈ। ਜਿਥੇ ਇਕ ਪਾਸੇ ਬੇਅਦਬੀਆਂ ਦੇ ਮੁੱਦੇ ਉਪਰ ਬਾਦਲ ਪਰਿਵਾਰ ਨੂੰ ਜਿੰਮੇਵਾਰ ਠਹਿਰਾਉਣ ਤੇ ਸੁਖਬੀਰ ਬਾਦਲ ਤੋਂ ਅਸਤੀਫੇ ਦੀ ਮੰਗ ਕਰਨ ਵਾਲੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਨਰਮ ਰੁਖ ਅਖਤਿਆਰ ਕਰਦਿਆਂ ਆਪਣੀ ਪਾਰਟੀ ਵਿਚ ਏਕਤਾ ਦਾ ਮਸਲਾ ਵਿਚਾਰਨ ਦੀ ਗੱਲ ਕਹੀ ਹੈ ਤੇ ਦਿੱਲੀ ਦੇ ਇਕ ਹੋਰ ਵੱਡੇ ਆਗੂ ਪਰਮਜੀਤ ਸਿੰਘ ਸਰਨਾ ਨੇ ਵੀ ਅਕਾਲੀ ਦਲ ਦੇ ਪ੍ਰਧਾਨ ਦੇ ਬਿਆਨ ਦਾ ਹੁੰਗਾਰਾ ਭਰਿਆ ਹੈ ਤਾਂ ਦੂਸਰੇ ਪਾਸੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਕੁਝ ਹੋਰ ਗਰਮ ਖਿਆਲੀ ਆਗੂਆਂ ਨੇ ਸੁਖਬੀਰ ਬਾਦਲ ਦੇ ਇਸ ਬਿਆਨ ਨੂੰ ਡਰਾਮਾ ਦਸਦਿਆਂ ਮੁਆਫੀ ਮੰਗਣ ਦੇ ਢੰਗ ਤਰੀਕੇ ਨੂੰ ਪੰਥਕ ਰਵਾਇਤਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਉਹਨਾਂ ਦੀ ਦਲੀਲ ਹੈ ਕਿ ਅਗਰ ਅਕਾਲੀ ਦਲ ਦੇ ਪ੍ਰਧਾਨ ਸਚਮੁੱਚ ਬੇਅਦਬੀਆਂ ਦੇ ਮੁੱਦੇ ਉਪਰ ਪੰਥਕ ਸਰਕਾਰ ਤੋਂ ਹੋਈਆਂ ਭੁੱਲਾਂ ਦੀ ਖਿਮਾ ਜਾਚਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਇਕ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਮਣੇ ਪੇਸ਼ ਹੋਣਾ ਚਾਹੀਦਾ ਸੀ। ਪਰ ਉਹਨਾਂ ਨੇ ਇਸ ਮਾਮਲੇ ਵਿਚ ਆਪ ਹੀ ਦੋਸ਼ੀ ਤੇ ਜੱਜ ਵਾਲੀ ਭੂਮਿਕਾ ਨਿਭਾਉਂਦਿਆਂ ਪੰਥਕ ਰਵਾਇਤਾਂ ਦਾ ਮਜਾਕ ਉਡਾਇਆ ਹੈ।

ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਜਿਥੇ ਅਕਾਲੀ ਦਲ ਦੇ ਪ੍ਰਧਾਨ ਵਲੋਂ ਖਿਮਾ ਜਾਚਨਾ ਉਪਰ ਵਿਅੰਗੇ ਕੱਸੇ ਹਨ ਉਥੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਮੁਆਫੀ ਕਿਸੇ ਗਲਤੀ ਦੀ ਹੁੰਦੀ ਹੈ ਅਪਰਾਧ ਦੀ ਨਹੀ। ਪਰ ਸੋਚਣ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਬੇਅਦਬੀਆਂ ਬਾਰੇ ਵਿਸ਼ੇਸ਼ ਜਾਂਚ ਟੀਮ ( ਸਿਟ) ਦੀ ਜੋ ਫਾਈਨਲ ਰਿਪੋਰਟ ਜਨਤਕ ਕੀਤੀ ਗਈ ਹੈ, ਉਸ ਵਿਚ ਬੇਅਦਬੀਆਂ ਲਈ ਡੇਰਾ ਸਿਰਸਾ ਦੇ ਮੁੱਖੀ ਤੇ ਉਸਦੇ ਪ੍ਰੇਮੀਆਂ ਨੂੰ ਜਿੰਮੇਵਾਰ ਠਹਿਰਾਇਆ ਗਿਆ ਹੈ। ਰਿਪੋਰਟ ਵਿਚ ਕਿਸੇ ਵੀ ਸਿਆਸੀ ਦਖਲ ਅੰਦਾਜੀ ਦਾ ਕੋਈ ਸੰਕੇਤ ਨਹੀ। ਇਸ ਸਬੰਧੀ ਵਿਧਾਨ ਸਭਾ ਵਿਚ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਲਿਖਤੀ ਸਵਾਲ ਉਠਾਇਆ ਸੀ ਕਿ ਰਿਪੋਰਟ ਵਿਚ ਬਾਦਲਾਂ ਦਾ ਨਾਮ ਗਾਇਬ ਕਿਉਂ ਹੈ ?

ਸਾਲ 2015 ਵਿਚ ਵਾਪਰੀਆਂ ਬੇਅਦਬੀਆਂ ਦੀਆਂ ਘਟਨਾਵਾਂ ਨੂੰ ਲੈਕੇ ਸਿੱਖ ਭਾਈਚਾਰੇ ਵਿਚ ਉਸ ਸਮੇਂ ਦੀ ਅਕਾਲੀ ਸਰਕਾਰ ਵਿਰੁੱਧ ਦੋਸ਼ੀਆਂ ਨੂੰ ਕਟਹਿਰੇ ਵਿਚ ਖੜਾ ਨਾ ਕੀਤੇ ਜਾ ਸਕਣ ਕਾਰਣ ਭਾਰੀ ਰੋਸ ਸੀ। ਇਹ ਰੋਸ ਉਸ ਸਮੇਂ ਰੋਹ ਵਿਚ ਬਦਲ ਗਿਆ ਜਦੋਂ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਚ ਇਨਸਾਫ ਲਈ ਮੋਰਚੇ ਵਿਚ ਬੈਠੇ ਦੋ ਸਿੱਖਾਂ ਦੀ ਪੁਲਿਸ ਗੋਲੀ ਨਾਲ ਜਾਨ ਚਲੀ ਗਈ। ਤਤਕਾਲੀ ਸਰਕਾਰ ਪੁਲਿਸ ਗੋਲੀਬਾਰੀ ਲਈ ਜਿੰਮੇਵਾਰ ਅਧਿਕਾਰੀਆਂ ਤੇ ਕਰਮਚਾਰੀਆਂ ਖਿਲਾਫ ਕਾਰਵਾਈ ਦੀ ਬਿਜਾਏ ਸਿੱਖਾਂ ਨੂੰ ਹੀ ਬੇਅਦਬੀ ਲਈ ਦੋਸ਼ੀ ਬਣਾਉਣ ਦੇ ਰਾਹ ਪੈ ਗਈ। ਡੇਰਾ ਸਿਰਸਾ ਦੇ ਮੁਖੀ ਦੀ ਫਿਲਮ 'ਮੈਸੰਜਰ ਆਫ ਗਾਡ' ਦੇ ਰੀਲੀਜ ਨੂੰ ਲੈਕੇ ਗੁੱਸੇ ਵਿਚ ਆਏ ਡੇਰਾ ਪ੍ਰੇਮੀਆਂ ਵਲੋਂ ਸਿੱਖਾਂ ਨੂੰ ਵੰਗਾਰਕੇ ਬੇਅਦਬੀਆਂ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਪਰ ਸਰਕਾਰ ਉਹਨਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰਦੀ ਰਹੀ। ਇਥੋ ਤੱਕ ਕਿ ਸੀ ਬੀ ਆਈ ਨੂੰ ਸੌਂਪੀ ਗਈ ਜਾਂਚ ਵਿਚ ਡੇਰਾ ਪ੍ਰੇਮੀਆਂ ਨੂੰ ਬੇਅਦਬੀਆਂ ਲਈ ਜਿੰਮੇਵਾਰ ਨਾ ਦੱਸਿਆ ਗਿਆ। ਡੇਰਾ ਸੱਚਾ ਸੌਦਾ ਦੇ ਮੁਖੀ ਵਲੋਂ ਸਭ ਤੋਂ ਪਹਿਲਾਂ ਦਸਮ ਪਿਤਾ ਦਾ ਸਵਾਂਗ ਰਚਕੇ ਬੱਜਰ ਗੁਨਾਹ ਕਰਦਿਆਂ ਸਿੱਖ ਭਾਵਨਾਵਾਂ ਨੂੰ ਵਲੂੰਧਰਨ ਦਾ ਕੋਝਾ ਯਤਨ ਕੀਤਾ ਗਿਆ। ਉਸਦੇ ਖਿਲਾਫ ਕੇਸ ਦਰਜ ਹੋਇਆ। ਅਕਾਲ ਤਖਤ ਤੋਂ ਫਤਵਾ ਜਾਰੀ ਹੋਇਆ ਪਰ ਬਾਦ ਵਿਚ ਤਤਕਾਲੀ ਜਥੇਦਾਰ ਗੁਰਬਚਨ ਸਿੰਘ ਵਲੋਂ ਡੇਰਾ ਮੁਖੀ ਨੂੰ ਸਿੱਖ ਭਾਵਨਾਵਾਂ ਦੇ ਵਿਰੁਧ ਜਾਂਦਿਆਂ ਮੁਆਫੀ ਨਾਮਾ ਜਾਰੀ ਕਰ ਦਿੱਤਾ ਗਿਆ। ਡੇਰਾ ਮੁਖੀ ਨੂੰ ਮੁਆਫੀ ਬਾਰੇ ਚਰਚਾ ਰਹੀ ਕਿ ਅਕਾਲੀ ਸਰਕਾਰ ਨੇ ਅਕਾਲ ਤਖਤ ਤੇ ਸਿਆਸੀ ਦਬਾਅ ਪਾਉਂਦਿਆਂ ਮੁਆਫੀਨਾਮਾ ਜਾਰੀ ਕਰਵਾਇਆ ਤੇ ਬਦਲੇ ਵਿਚ ਵਿਧਾਨ ਸਭਾ ਚੋਣਾਂ ਵਿਚ ਡੇਰਾ ਸੱਚਾ ਸੌਦਾ ਵਲੋਂ ਅਕਾਲੀ ਦਲ ਦੇ ਉਮੀਦਵਾਰਾਂ ਦੀ ਹਮਾਇਤ ਦਾ ਐਲਾਨ ਕੀਤਾ ਗਿਆ। ਅਕਾਲੀ ਦਲ ਵਲੋਂ ਡੇਰਾ ਸੱਚਾ ਸੌਦਾ ਦੀਆਂ ਵੋਟਾਂ ਉਪਰ ਟੇਕ ਰੱਖਦਿਆਂ ਸਿੱਖ ਭਾਵਨਾਵਾਂ ਨੂੰ ਆਹਤ ਕਰਨ ਦਾ ਇਹ ਦੁਖਦਾਈ ਮੰਜ਼ਰ ਸਭ ਨੇ ਵੇਖਿਆ। ਪਰ ਅਕਾਲੀ ਦਲ ਨੂੰ ਡੇਰਾ ਸੱਚਾ ਸੌਦਾ ਦੀ ਹਮਾਇਤ ਲੈਣ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਅੱਖੋ ਪਰੋਖਾ ਕਰਨ ਦਾ ਵੱਡਾ ਖਮਿਆਜਾ ਭੁਗਤਣਾ ਪਿਆ। ਪੰਜਾਬ ਵਿਚ ਲਗਾਤਾਰ ਦੋ ਵਾਰ ਸੱਤਾ ਦਾ ਆਨੰਦ ਮਾਨਣ ਵਾਲੀ ਪਾਰਟੀ 2017 ਵਿਚ ਸੱਤਾ ਗਵਾਉਣ ਅਤੇ 2022 ਵਿਚ ਕੇਵਲ ਤਿੰਨ ਸੀਟਾਂ ਤੱਕ ਸਿਮਟ ਕੇ ਰਹਿ ਗਈ। ਅਕਾਲੀ ਦਲ ਦੀ ਇਸ ਤਰਸਯੋਗ ਹਾਲਤ ਲਈ ਬਹੁਗਿਣਤੀ ਸਿੱਖਾਂ ਵਲੋਂ ਬਾਦਲ ਪਰਿਵਾਰ, ਵਿਸ਼ੇਸ਼ ਕਰਕੇ ਸੁਖਬੀਰ ਬਾਦਲ ਦੀਆਂ ਮਨਆਈਆਂ ਨੂੰ ਸਮਝਿਆ ਜਾਂਦਾ ਰਿਹਾ ਹੈ। ਇਸੇ ਲਈ ਅਕਾਲੀ ਦਲ ਦੇ ਹਮਦਰਦ ਅਤੇ ਸਮਰਥਕਾਂ ਵਲੋਂ ਬਾਦਲ ਪਰਿਵਾਰ ਨੂੰ ਅਕਸਰ ਇਹ ਸਲਾਹ ਦਿੱਤੀ ਜਾਂਦੀ ਰਹੀ ਹੈ ਕਿ ਉਹ ਬੀਤੇ ਵਿਚ ਹੋਈਆਂ ਗਲਤੀਆਂ ਨੂੰ ਸਵੀਕਾਰ ਕਰਦਿਆਂ ਅਕਾਲ ਤਖਤ ਸਾਹਿਬ ਤੇ ਖਿਮਾ ਜਾਚਨਾ ਕਰ ਲੈਣ । ਮਰਹੂਮ ਸ ਪਰਕਾਸ਼ ਸਿੰਘ ਬਾਦਲ ਵਲੋਂ ਪੰਥ ਕੋਲੋਂ ਖਿਮਾ ਜਾਚਨਾ ਦੀ ਭਾਵਨਾ ਜਾਹਰ ਵੀ ਕੀਤੀ ਗਈ ਪਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੀਆਂ ਗਲਤੀਆਂ ਨੂੰ ਜਨਤਕ ਰੂਪ ਵਿਚ ਸਵੀਕਾਰ ਕਰਨਾ ਕਦੇ ਦਰੁਸਤ ਨਾ ਜਾਣਿਆ । ਉਹ ਦਰਬਾਰ ਸਾਹਿਬ ਜਾਕੇ ਨਤਮਸਤਕ ਹੋਣ, ਜੋੜਿਆਂ ਦੀ ਸੇਵਾ ਅਤੇ ਹੋਰ ਧਾਰਮਿਕ ਸਰਗਰਮੀਆਂ ਕਰਦੇ ਵਿਖਾਈ ਤਾਂ ਦਿੱਤੇ ਪਰ ਬਹੁਗਿਣਤੀ ਸਿੱਖਾਂ ਨੂੰ ਉਹਨਾਂ ਦੀ ਸੇਵਾ ਪ੍ਰਭਾਵਿਤ ਨਾ ਕਰ ਸਕੀ ।

ਸਿੱਖ ਸਿਆਸਤ ਦੇ ਵਿਸ਼ਲੇਸ਼ਕਾਂ ਦਾ ਮੱਤ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਨੇ ਸਿੱਖ ਪੰਥ ਤੋਂ ਮੁਆਫੀ ਮੰਗਣ ਦਾ ਅਗਰ ਮਨ ਬਣਾ ਲਿਆ ਸੀ ਤਾਂ ਇਸਨੂੰ ਪੰਥਕ ਰਵਾਇਤਾਂ ਮੁਤਾਬਿਕ ਹੀ ਅਮਲ ਵਿਚ ਲਿਆਉਣ ਦੀ ਲੋੜ ਸੀ। ਕਿਹਾ ਜਾਂਦਾ ਹੈ ਕਿ ਪ੍ਰਧਾਨ ਸਾਹਿਬ ਵਲੋਂ ਆਗਾਮੀ ਲੋਕ ਸਭਾ ਅਤੇ ਸ੍ਰੋਮਣੀ ਕਮੇਟੀ ਚੋਣਾਂ ਨੂੰ ਧਿਆਨ ਵਿਚ ਰਖਦਿਆਂ ਸਿਖ ਆਵਾਮ ਵਿਚ ਅਕਾਲੀ ਦਲ ਦਾ ਖੁੱਸਿਆ ਆਧਾਰ ਮੁੜ ਪ੍ਰਾਪਤ ਕਰਨ ਦੀ ਚਾਰਾਜੋਈ ਵਜੋਂ ਇਹ ਖਿਮਾ ਜਾਚਨਾ ਦਾ ਐਲਾਨ ਕੀਤਾ ਗਿਆ ਹੈ ਪਰ ਸਵਾਲ ਹੈ , ਕੀ ਤਿਆਗ ਤੇ ਸੇਵਾ ਦੀ ਭਾਵਨਾ ਤੋਂ ਬਿਨਾਂ ਸਿੱਖ ਮਨਾਂ ਨੂੰ ਜਿੱਤ ਸਕਣਾ ਸੰਭਵ ਹੈ। ਜਦੋਂ ਪ੍ਰਧਾਨਗੀ ਦੀ ਕੁਰਸੀ ਨਾਲ ਚਿੰਬੜੇ ਰਹਿਣ ਦੀ ਲਾਲਸਾ ਖਿਮਾ ਜਾਚਨਾ ਤੋਂ ਵੱਡੀ ਹੋਵੇ ਤਾਂ ਪੰਜਾਬ ਤੇ ਪੰਥ ਦੇ ਭਲੇ ਲਈ ਅਰਦਾਸ ਸੱਚੇ ਮਨੋਂ ਕਿਵੇਂ ਹੋ ਸਕਦੀ ਹੈ ?


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex
A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਕੈਨੇਡਾ ਵਿਚ ਭਾਰਤੀ ਮੂਲ ਦੇ ਪਹਿਲੇ ਡਾਕਟਰ ਗੁਰਦੇਵ ਸਿੰਘ ਗਿੱਲ ਦਾ ਦੇਹਾਂਤ

ਚੰਡੀਗੜ੍ਹ-ਕੈਨੇਡਾ ਵਿਚ ਮੈਡੀਕਲ ਪ੍ਰੈਕਟਿਸ ਕਰਨ ਵਾਲੇ ਭਾਰਤੀ ਮੂਲ ਦੇ ਪਹਿਲੇ ਵਿਅਕਤੀ ਡਾ. ਗੁਰਦੇਵ ਸਿੰਘ ਗਿੱਲ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ 40 ਸਾਲਾਂ ਦਾ ਲੰਬਾ ਅਰਸਾ ਮੈਡੀਕਲ ਪ੍ਰੈਕਟਿਸ ਕੀਤੀ। ਉਹ 1949 ਵਿੱਚ ਕਿਸ਼ਤੀ 'ਤੇ ਸਵਾਰ ਹੋ ਕੇ ਕੈਨੇਡਾ ਪੁੱਜੇ ਸਨ। ਉਸ ਵੇਲੇ ਭਾਰਤੀ ਮੂਲ ਦੇ ਲੋਕਾਂ ਨਾਲ ਭੇਦਭਾਵ ਕੀਤਾ ਜਾਂਦਾ ਸੀ। ਉਨ੍ਹਾਂ ਇਹ ਹੱਕ ਲੈਣ ਲਈ ਸੰਘਰਸ਼ ਕੀਤਾ। ਉਹ 1954 ਵਿੱਚ ਕੈਨੇਡਾ ਦੇ ਸਿਟੀਜ਼ਨ ਬਣੇ। ਉਨ੍ਹਾਂ ਨੇ ਕੈਨੇਡਾ ਇਮੀਗਰੇਸ਼ਨ ਵਿੱਚ ਭਾਰਤ ਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਅਹਿਮ ਯੋਗਦਾਨ ਪਾਇਆ। ਗੁਰਦੇਵ ਸਿੰਘ ਗਿੱਲ ਦਾ ਜਨਮ ਖੜੌਦੀ (ਹੁਸ਼ਿਆਰਪੁਰ) ਵਿੱਚ 1931 ਵਿੱਚ ਹੋਇਆ ਸੀ। ਉਹ ਕਿਸ਼ਤੀ ਵਿਚ ਸਵਾਰ ਹੋ ਕੇ 1949 ਵਿੱਚ ਕੈਨੇਡਾ ਪੁੱਜੇ। ਉਨ੍ਹਾਂ 1956 ਵਿੱਚ ਯੂਬੀਸੀ ਤੋਂ ਗਰੈਜੂਏਸ਼ਨ ਕੀਤੀ ਤੇ ਬ੍ਰਿਟਿਸ਼ ਕੋਲੰਬੀਆ ਦੇ ਵੈਸਟ ਮਿੰਟਸਰ ਵਿੱਚ ਆ ਕੇ ਵਸ ਗਏ ਤੇ ਇਥੇ ਹੀ ਮੈਡੀਕਲ ਪ੍ਰੈਕਟਿਸ ਸ਼ੁਰੂ ਕੀਤੀ। ਉਨ੍ਹਾਂ ਇਮੀਗਰੇਸ਼ਨ ਸਬੰਧੀ ਭਾਰਤੀਆਂ ਨੂੰ ਆ ਰਹੀ ਸਮੱਸਿਆ ਨੂੰ ਹੱਲ ਕਰਨ ਵਿਚ ਈਸਟ ਇੰਡੀਅਨ ਵੈਲਫੇਅਰ ਸੁਸਾਇਟੀ ਬਣਾਈ ਤੇ ਓਟਵਾ ਜਾ ਕੇ ਤੱਤਕਾਲੀ ਪ੍ਰਧਾਨ ਮੰਤਰੀ ਡਾਇਫੇਨਬੇਕਰ ਨਾਲ ਰਾਬਤਾ ਬਣਾਇਆ। ਉਨ੍ਹਾਂ ਦੇ ਯਤਨਾਂ ਸਦਕਾ ਹੀ ਭਾਰਤ ਤੋਂ ਕੈਨੇਡਾ ਆਉਣ ਲਈ ਔਰਤਾਂ ਤੇ ਪਰਿਵਾਰਕ ਮੈਂਬਰਾਂ ਦਾ ਰਾਹ ਸੁਖਾਲਾ ਹੋਇਆ। ਉਹ ਵੈਨਕੂਵਰ ਵਿਚ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਬਣੇ ਤੇ ਉਨ੍ਹਾਂ 1970 ਵਿਚ ਰੌਸ ਸਟਰੀਟ ਗੁਰਦੁਆਰੇ ਦੀ ਇਮਾਰਤ ਬਣਾਉਣ ਲਈ ਫੰਡ ਇਕੱਠਾ ਕਰਨ ਲਈ ਯੋਗਦਾਨ ਪਾਇਆ। ਡਾ. ਗਿੱਲ ਨੇ 1995 ਵਿੱਚ ਮੈਡੀਕਲ ਪ੍ਰੈਕਟਿਸ ਬੰਦ ਕਰ ਦਿੱਤੀ ਸੀ। ਉਨ੍ਹਾਂ ਪੰਜਾਬ ਦੇ 27 ਪਿੰਡਾਂ ਵਿਚ ਪੀਣ ਵਾਲਾ ਪਾਣੀ, ਸਕੂਲਾਂ ਨੂੰ ਕੰਪਿਊਟਰ ਤੇ ਆਧੁਨਿਕ ਸਾਜ਼ੋ ਸਾਮਾਨ ਦੇਣ ਵਿਚ ਵੀ ਯੋਗਦਾਨ ਦਿੱਤਾ। ਉਨ੍ਹਾਂ ਦੇ ਕੰਮਾਂ ਦੀ ਭਾਰਤ ਦੇ ਤਤਕਾਲੀ ਰਾਸ਼ਟਰਪਤੀ ਡਾ. ਅਬਦੁਲ ਕਲਾਮ ਨੇ ਵੀ ਸ਼ਲਾਘਾ ਕੀਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਭਾਰਤੀ ਮੂਲ ਦੇ ਪਹਿਲੇ ਕੈਨੇਡੀਅਨ ਬਣਨ 'ਤੇ ਆਰਡਰ ਆਫ ਬੀਸੀ (1991), ਬ੍ਰਿਟਿਸ਼ ਕੋਲੰਬੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀ ਬਣਨ 'ਤੇ ਵੈਨਕੂਵਰ ਸੰਨ 100 ਐਵਾਰਡ, ਕੁਈਨ ਐਲਿਜ਼ਾਬੈਥ 2 ਡਾਇਮੰਡ ਜੁਬਲੀ ਮੈਡਲ (2012), ਯੂਬੀਸੀ ਗਲੋਬਲ ਸਿਟੀਜ਼ਨਸ਼ਿਪ ਅਲੂਮਨੀ ਅਚੀਵਮੈਂਟ ਐਵਾਰਡ (2013), ਯੂਬੀਸੀ ਐੱਮਏਏ ਵਾਲੇਸ ਵਿਲਸਨ ਲੀਡਰਸ਼ਿਪ ਐਵਾਰਡ (2018) ਆਦਿ ਦਿੱਤੇ ਗਏ।

# ਪੰਜਾਬ ਦੇ ਕਾਂਗਰਸੀ ਆਗੂ 'ਆਪ' ਨਾਲ ਗੱਠਜੋੜ ਤੋਂ ਇਨਕਾਰੀ

ਜਗਰਾਉਂ-ਪੰਜਾਬ ਕਾਂਗਰਸ ਦੇ ਆਗੂ ਆਮ ਆਦਮੀ ਪਾਰਟੀ ਨਾਲ ਗੱਠਜੋੜ ਤੋਂ ਇਨਕਾਰੀ ਹੋ ਗਏ ਹਨ। ਉਨ੍ਹਾਂ ਅੱਜ ਜਗਰਾਉਂ 'ਚ ਪੰਜ ਹਲਕਿਆਂ ਦੀ ਰੋਸ ਰੈਲੀ 'ਚ ਸੂਬਾ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਮੌਜੂਦਾ ਸਰਕਾਰ ਦੀਆਂ ਨਾਕਾਮੀਆਂ ਗਿਣਾਈਆਂ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਉਪ ਆਗੂ ਰਾਜ ਕੁਮਾਰ ਚੱਬੇਵਾਲ, ਵਿਧਾਇਕ ਪਰਗਟ ਸਿੰਘ, ਸੰਸਦ ਮੈਂਬਰ ਡਾ. ਅਮਰ ਸਿੰਘ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਸਾਧੂ ਸਿੰਘ ਧਰਮਸੋਤ, ਕੈਪਟਨ ਸੰਦੀਪ ਸੰਧੂ ਗੱਠਜੋੜ ਨਾ ਕਰਨ ਦੇ ਮੁੱਦੇ 'ਤੇ ਪੂਰੀ ਤਰ੍ਹਾਂ ਇਕਸੁਰ ਨਜ਼ਰ ਆਏ। ਉਨ੍ਹਾਂ ਨੇ ਹਾਈ ਕਮਾਨ ਤਕ ਕਾਂਗਰਸੀ ਵਰਕਰਾਂ ਦੀਆਂ ਭਾਵਨਾਵਾਂ ਪੁੱਜਦੀਆਂ ਕੀਤੀਆਂ। ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਕਾਂਗਰਸ ਆਪਣੇ ਬਲਬੂਤੇ 'ਤੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਲੜਨ ਅਤੇ ਜਿੱਤਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਇਸ ਲਈ ਗੱਠਜੋੜ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਕ ਪਾਸੇ ਉਹ ਸੂਬਾ ਸਰਕਾਰ ਖ਼ਿਲਾਫ਼ ਧਰਨੇ ਦੇ ਰਹੇ ਹਨ, ਸੂਬੇ 'ਚ ਵਿਗੜੀ ਅਮਨ ਕਾਨੂੰਨ ਦੀ ਸਥਿਤੀ, ਫਿਰੌਤੀਆਂ, ਨਾਜਾਇਜ਼ ਖਣਨ ਬਾਰੇ ਆਵਾਜ਼ ਉਠਾ ਰਹੇ ਹਨ, ਦੂਜੇ ਪਾਸੇ ਲੋਕ ਭ੍ਰਿਸ਼ਟਾਚਾਰ ਤੋਂ ਅੱਕੇ ਹੋਏ ਹਨ। ਸਰਕਾਰ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਕਾਂਗਰਸੀਆਂ ਖ਼ਿਲਾਫ਼ ਸਰਕਾਰ ਕਾਰਵਾਈ ਕਰ ਰਹੀ ਹੈ, ਕੀ ਅਜਿਹੇ 'ਚ ਗੱਠਜੋੜ ਹੋਣਾ ਚਾਹੀਦਾ ਹੈ। ਧਰਨੇ 'ਚ ਨਗਰ ਕੌਂਸਲ ਜਗਰਾਉਂ ਦੇ ਅਹੁਦੇ ਤੋਂ ਫਾਰਗ ਕੀਤੇ ਪ੍ਰਧਾਨ ਜਤਿੰਦਰਪਾਲ ਰਾਣਾ ਦਾ ਮੁੱਦਾ ਅਤੇ ਨਾਲ ਹੀ ਹਲਕਾ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਦਾ ਨਾਂ ਵੀ ਗੂੰਜਿਆ। ਨਵਜੋਤ ਸਿੰਘ ਸਿੱਧੂ ਦਾ ਨਾਂ ਲਏ ਬਿਨਾਂ ਕਾਂਗਰਸੀਆਂ ਨੂੰ ਜ਼ਾਬਤੇ 'ਚ ਰਹਿਣ ਦਾ ਪਾਠ ਪੜ੍ਹਾਇਆ ਗਿਆ।

# ਬੰਦੀ ਸਿੰਘਾਂ ਦੀ ਰਿਹਾਈ ਬਾਰੇ ਅਮਿਤ ਸ਼ਾਹ ਦੇ ਬਿਆਨ ਦੀ ਨਿੰਦਾ

ਸ੍ਰੀ ਆਨੰਦਪੁਰ ਸਾਹਿਬ-ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਹਰਸਿਮਰਤ ਕੌਰ ਬਾਦਲ ਵੱਲੋਂ ਉਠਾਏ ਮੁੱਦੇ 'ਤੇ ਲੋਕ ਸਭਾ 'ਚ ਬੀਤੇ ਦਿਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦਿੱਤੇ ਜਵਾਬ 'ਤੇ ਸਿੱਖਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ ਮੰਦਭਾਗਾ ਤੇ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਬੀਤੇ ਕੱਲ੍ਹ ਸੰਸਦ ਵਿੱਚ ਸਾਬਕਾ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਰਾਜੋਆਣਾ ਮਾਮਲੇ ਵਿੱਚ ਸਵਾਲ ਕੀਤਾ ਸੀ ਕਿ ਸਰਕਾਰ ਉਸ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਬਾਰੇ ਫੈਸਲੇ ਨੂੰ ਲਟਕਾ ਰਹੀ ਹੈ। ਇਸ ਦੇ ਜਵਾਬ ਵਿੱਚ ਕੇਂਦਰੀ ਗ੍ਰਹਿ ਮੰਤਰੀ ਨੇ ਜਵਾਬ ਦਿੱਤਾ ਸੀ ਕਿ ਜਿਸ ਵਿਅਕਤੀ ਨੂੰ ਆਪਣੀ ਗਲਤੀ ਦਾ ਪਛਤਾਵਾ ਨਹੀਂ ਹੈ, ਉਹ ਰਹਿਮ ਦੀ ਅਪੀਲ ਦਾ ਹੱਕਦਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਨੂੰ ਅਜਿਹੇ ਬਿਆਨ ਦੇਣੇ ਸ਼ੋਭਾ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਲਈ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਬਹੁਤ ਸੰਵੇਦਨਸ਼ੀਲ ਮੁੱਦਾ ਹੈ ਤੇ ਗ੍ਰਹਿ ਮੰਤਰੀ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਦਲਜੀਤ ਸਿੰਘ ਭਿੰਡਰ, ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਗੋਗੀ, ਜਥੇਦਾਰ ਮੋਹਣ ਸਿੰਘ ਢਾਹੇ, ਤਖ਼ਤ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ ਰੋਡੇ ਹਾਜ਼ਰ ਸਨ।

# ਡਾਕਟਰਾਂ ਦੀ ਭਰਤੀ ਘੁਟਾਲੇ ਵਿਚ ਸ਼ਾਮਿਲ ਡਾ ਮੋਹੀ ਖ਼ਿਲਾਫ਼ ਆਮਦਨ ਨਾਲੋਂ ਵੱਧ ਜਾਇਦਾਦ ਬਣਾਉਣ ਦਾ ਕੇਸ ਦਰਜ

ਪਟਿਆਲਾ-ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਿਚ ਮੈਡੀਕਲ ਅਫਸਰਾਂ ਦੀ ਭਰਤੀ ਘੁਟਾਲੇ ਸਬੰਧੀ ਕੇਸ 'ਚ ਨਾਮਜ਼ਦ ਡਾ. ਸਤਵੰਤ ਸਿੰਘ ਮੋਹੀ ਦਾ ਪੁਲੀਸ ਰਿਮਾਂਡ ਖਤਮ ਹੋਣ 'ਤੇ ਵਿਜੀਲੈਂਸ ਨੇ ਮੁੜ ਉਸ ਨੂੰ ਅਦਾਲਤ 'ਚ ਪੇਸ਼ ਕੀਤਾ। ਅਦਾਲਤ ਨੇ ਉਸ ਨੂੰ ਨਿਆਂਇਕ ਹਿਰਾਸਤ ਅਧੀਨ ਜੇਲ੍ਹ ਭੇਜਣ ਦੇ ਹੁਕਮ ਦਿੱਤੇ ਪਰ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਇੱਕ ਵੱਖਰੇ ਕੇਸ 'ਚ ਇੱਕ ਦਿਨ ਦਾ ਪੁਲੀਸ ਰਿਮਾਂਡ ਦੇ ਦਿੱਤਾ ਹੈ। ਸਤਵੰਤ ਮੋਹੀ ਨੂੰ ਪੀਪੀਐੱਸਸੀ ਵੱਲੋਂ 2008-09 ਵਿਚ 312 ਮੈਡੀਕਲ ਅਫਸਰਾਂ ਦੀ ਭਰਤੀ 'ਚ ਕਥਿਤ ਧਾਂਦਲੀਆਂ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਇਸ ਕੇਸ ਦਾ ਰਿਮਾਂਡ ਖਤਮ ਹੋਣ 'ਤੇ ਅੱਜ ਜਦੋਂ ਮੋਹੀ ਨੂੰ ਅਦਾਲਤ ਵਿਚ ਮੁੜ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਉਸ ਨੂੰ ਜੇਲ੍ਹ ਭੇਜਣ ਦੇ ਹੁਕਮ ਜਾਰੀ ਕੀਤੇ। ਵਿਜੀਲੈਂਸ ਨੇ ਮੋਹੀ ਖਿਲਾਫ਼ ਆਮਦਨ ਨਾਲੋਂ ਵੱਧ ਜਾਇਦਾਦ ਬਣਾਉਣ ਸਬੰਧੀ ਦੋ ਦਿਨ ਦਾ ਰਿਮਾਂਡ ਮੰਗਿਆ ਪਰ ਅਦਾਲਤ ਨੇ ਇੱਕ ਦਿਨ ਦਾ ਪੁਲੀਸ ਰਿਮਾਂਡ ਹੀ ਦਿੱਤਾ।

# ਸੀਆਰਏ ਨੇ ਕੋਵਿਡ-19 ਲਾਭਾਂ ਲਈ ਅਣਉਚਿੱਤ ਤਰੀਕੇ ਨਾਲ ਦਾਅਵਾ ਕਰਨ ਵਾਲੇ 185 ਮੁਲਾਜ਼ਮਾਂ ਦੀ ਛੁੱਟੀ ਕੀਤੀ

ਓਟਵਾ-ਕੈਨੇਡਾ ਰੈਵੀਨਿਊ ਏਜੰਸੀ ਦਾ ਕਹਿਣਾ ਕਿ ਉਸ ਨੇ ਫੈਡਰਲ ਕੋਵਿਡ-19 ਲਾਭ ਲਈ ਅਣਉਚਿੱਤ ਤਰੀਕੇ ਨਾਲ ਦਾਅਵਾ ਕਰਨ ਵਾਲੇ 185 ਮੁਲਾਜ਼ਮਾਂ ਨੂੰ ਹੁਣ ਤਕ ਬਰਖਾਸਤ ਕੀਤਾ ਹੈ। ਸੀਆਰਏ ਵਲੋਂ ਸਤੰਬਰ ਵਿਚ ਆਪਣੀ ਸਮੀਖਿਆ ਜਨਤਕ ਕਰਨ ਪਿੱਛੋਂ ਇਹ ਗਿਣਤੀ 65 ਹੋਰ ਵੱਧ ਗਈ ਹੈ। ਸੀਆਰਏ ਲਗਪਗ 600 ਮਾਮਲਿਆਂ ਦਾ ਨਿਰੀਖਣ ਕਰ ਰਿਹਾ ਹੈ ਜਿਸ ਵਿਚ ਮੌਜੂਦਾ ਮੁਲਾਜ਼ਮਾਂ ਨੇ ਕੋਵਿਡ-19 ਮਹਾਂਮਾਰੀ ਦੌਰਾਨ ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ ਪ੍ਰਾਪਤ ਕੀਤਾ ਸੀ। ਇਹ ਬੈਨੀਫਿਟ 2000 ਡਾਲਰ ਪ੍ਰਤੀ ਮਹੀਨਾ ਉਨ੍ਹਾਂ ਕੈਨੇਡੀਅਨਾਂ ਲਈ ਸੀ ਜਿਨ੍ਹਾਂ ਦੀ ਨੌਕਰੀ ਜਨਤਕ ਸਿਹਤ ਪਾਬੰਦੀਆਂ ਕਾਰਨ ਛੁੱਟ ਗਈ ਸੀ ਜਾਂ ਕੰਮ ਦੇ ਘੰਟੇ ਘੱਟ ਗਏ ਸਨ। ਸੀਆਰਏ ਦਾ ਕਹਿਣਾ ਕਿ ਕਿਸੇ ਦੇ ਏਜੰਸੀ ਕੋਲ ਮੁਲਾਜ਼ਮ ਹੋਣ ਦਾ ਮਤਲਬ ਇਹ ਨਹੀਂ ਕਿ ਉਹ ਲਾਭ ਲਈ ਅਯੋਗ ਹਨ। ਇਨ੍ਹਾਂ ਵਿਚ ਆਰਜ਼ੀ ਮੁਲਾਜ਼ਮ ਜਾਂ ਠੇਕੇ 'ਤੇ ਰੱਖੇ ਵਿਦਿਆਰਥੀ ਸ਼ਾਮਿਲ ਸਨ। ਮਾਮਲਿਆਂ ਦੇ ਨਿਰੀਖਣ ਪਿੱਛੋਂ ਇਹ ਪਾਇਆ ਗਿਆ ਕਿ 116 ਮੁਲਾਜ਼ਮ ਜਿਨ੍ਹਾਂ ਨੂੰ ਸੀਈਆਰਬੀ ਮਿਲਿਆ ਸੀ ਉਹ ਲਾਭ ਦੇ ਯੋਗ ਸਨ ਅਤੇ ਸੀਆਰਏ ਨੇ ਕਿਹਾ ਕਿ ਜਿਹੜੇ ਮੁਲਾਜ਼ਮ ਅਯੋਗ ਪਾਏ ਗਏ ਤਾਂ ਉਨ੍ਹਾਂ ਤੋਂ ਪੈਸੇ ਵਾਪਸ ਮੋੜਨ ਦੀ ਆਸ ਕੀਤੀ ਜਾਂਦੀ ਹੈ।

# ਕੇਜਰੀਵਾਲ ਨੇ ਈਡੀ ਦੇ ਸੰਮਨਾਂ ਨੂੰ ਸਿਆਸਤ ਤੋਂ ਪ੍ਰੇਰਿਤ ਤੇ ਗ਼ੈਰ-ਕਾਨੂੰਨੀ ਕਿਹਾ

ਨਵੀਂ ਦਿੱਲੀ-ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਸੰਮਨਾਂ 'ਤੇ ਆਪਣਾ ਜਵਾਬ ਭੇਜਿਆ ਹੈ ਅਤੇ ਇਨ੍ਹਾਂ ਸੰਮਨਾਂ ਨੂੰ ਗੈਰ-ਕਾਨੂੰਨੀ ਅਤੇ ਰਾਜਨੀਤੀ ਤੋਂ ਪ੍ਰੇਰਿਤ ਕਰਾਰ ਦਿੱਤਾ ਹੈ। ਸ੍ਰੀ ਕੇਜਰੀਵਾਲ ਨੂੰ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛ ਪੜਤਾਲ ਲਈ ਅੱਜ ਈਡੀ ਨੇ ਤਲਬ ਕੀਤਾ ਸੀ ਪਰ ਉਹ ਬੁੱਧਵਾਰ ਨੂੰ 10 ਦਿਨਾਂ ਦੇ ਵਿਪਾਸਨਾ ਧਿਆਨ ਸੈਸ਼ਨ ਲਈ ਪੰਜਾਬ ਦੇ ਹੁਸ਼ਿਆਰਪੁਰ ਰਵਾਨਾ ਹੋ ਗਏ। ਮੁੱਖ ਮੰਤਰੀ ਦੇ ਜਵਾਬ ਦਾ ਹਵਾਲਾ ਦਿੰਦੇ ਹੋਏ ਪਾਰਟੀ ਸੂਤਰਾਂ ਨੇ ਕਿਹਾ, 'ਕੇਜਰੀਵਾਲ ਨੇ ਤਾਜ਼ਾ ਸੰਮਨਾਂ ਨੂੰ ਰਾਜਨੀਤੀ ਤੋਂ ਪ੍ਰੇਰਿਤ ਅਤੇ ਗੈਰ-ਕਾਨੂੰਨੀ ਕਿਹਾ ਹੈ। ਆਪਣੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਆਪਣਾ ਜੀਵਨ ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਬਤੀਤ ਕੀਤਾ ਹੈ ਅਤੇ ਉਨ੍ਹਾਂ ਵਿੱਚ ਲੁਕਾਉਣ ਲਈ ਕੁਝ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਕਾਨੂੰਨੀ ਸੰਮਨ ਨੂੰ ਸਵੀਕਾਰ ਕਰਨ ਲਈ ਤਿਆਰ ਹਨ।'

# ਸੁਖਬੀਰ ਵੱਲੋਂ ਮੰਗੀ ਮੁਆਫ਼ੀ ਦੇ ਤਰੀਕੇ 'ਤੇ ਇਤਰਾਜ਼ ਜਤਾਇਆ

ਅੰਮ੍ਰਿਤਸਰ-ਅਕਾਲੀ ਦਲ ਸੰਯੁਕਤ ਦੇ ਭਾਈ ਮੋਹਕਮ ਸਿੰਘ, ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਪੰਜਾਬ ਇਕਾਈ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਅਤੇ ਸਾਬਕਾ ਪੰਜ ਪਿਆਰਿਆਂ ਵਿੱਚੋਂ ਭਾਈ ਮੇਜਰ ਸਿੰਘ ਨੇ ਅੱਜ ਇਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੇਅਦਬੀਆਂ ਦੇ ਮਾਮਲੇ ਵਿੱਚ ਸਿੱਖ ਕੌਮ ਕੋਲੋਂ ਮੁਆਫ਼ੀ ਮੰਗਣ ਦੇ ਤਰੀਕੇ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਇਸ ਮੁਆਫ਼ੀ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਅੱਜ ਇੱਥੇ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਜਦੋਂ ਤਕ ਸ੍ਰੀ ਅਕਾਲ ਤਖ਼ਤ ਦੇ ਵਿਧੀ ਵਿਧਾਨ ਤੇ ਮਰਯਾਦਾ ਅਨੁਸਾਰ ਲਿਖਤੀ ਤੌਰ 'ਤੇ ਆਪਣੇ ਜੁਰਮਾਂ ਦਾ ਕਬੂਲਨਾਮਾ ਲੈ ਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਪੇਸ਼ ਨਹੀਂ ਹੁੰਦੇ ਅਤੇ ਪੰਜ ਸਿੰਘ ਸਾਹਿਬਾਨ ਉਸ ਨੂੰ ਬਣਦੀ ਧਾਰਮਿਕ ਤਨਖ਼ਾਹ ਨਹੀਂ ਲਾਉਂਦੇ, ਓਨੀ ਦੇਰ ਖਾਲਸਾ ਪੰਥ ਉਸ ਨੂੰ ਕਦੇ ਮੁਆਫ਼ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਵੱਲੋਂ ਜੋ ਪੰਥਕ ਏਕਤਾ ਦੀ ਅਪੀਲ ਕੀਤੀ ਗਈ ਹੈ, ਉਹ ਵੀ ਉਦੋਂ ਤੱਕ ਨਹੀਂ ਹੋ ਸਕਦੀ, ਜਦੋਂ ਤਕ ਝੂੰਦਾਂ ਕਮੇਟੀ ਦੀ ਰਿਪੋਰਟ ਅਨੁਸਾਰ ਉਹ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਨਹੀਂ ਦਿੰਦੇ ਅਤੇ ਅਕਾਲ ਤਖ਼ਤ ਤੋਂ ਵਿਧੀ ਵਿਧਾਨ ਅਨੁਸਾਰ ਮੁਆਫ਼ੀ ਨਹੀਂ ਮੰਗਦੇ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਅਤੇ ਹਰਸਿਮਰਤ ਕੌਰ ਨੇ ਕੇਂਦਰ ਸਰਕਾਰ ਵਿੱਚ ਕੈਬਨਿਟ ਮੰਤਰੀ ਹੁੰਦਿਆਂ ਨਾ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕੀਤੀ ਨਾ ਹੀ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਇਆ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਇਨ੍ਹਾਂ ਦੀ ਸਰਕਾਰ ਸੀ ਉਸ ਸਮੇਂ ਬੰਦੀ ਸਿੰਘਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਇਸ ਨਾਲ ਪੰਜਾਬ ਦੀ ਅਮਨ ਸ਼ਾਂਤੀ ਭੰਗ ਹੋ ਸਕਦੀ ਹੈ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਬ੍ਰਿਜ ਭੂਸ਼ਨ ਦਾ ਵਫ਼ਾਦਾਰ ਸੰਜੈ ਸਿੰਘ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਬਣਿਆ



ਨਵੀਂ ਦਿੱਲੀ-ਪਿਛਲੇ ਲੰਬੇ ਸਮੇਂ ਤੋਂ ਵਿਵਾਦਾਂ 'ਚ ਘਿਰੀ ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊਐੱਫਆਈ) ਦੀਆਂ ਅੱਜ ਹੋਈਆਂ ਚੋਣਾਂ ਵਿੱਚ ਸੰਜੈ ਸਿੰਘ ਪ੍ਰਧਾਨ ਚੁਣੇ ਗਏ ਜਿਸ ਸਦਕਾ ਕੁਸ਼ਤੀ ਫੈਡਰੇਸ਼ਨ ਦਾ ਕੰਟਰੋਲ ਅਸਿੱਧੇ ਤੌਰ 'ਤੇ ਮੁੜ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਨ ਦੇ ਹੱਥਾਂ ਵਿੱਚ ਆ ਗਿਆ ਹੈ। ਉੱਤਰ ਪ੍ਰਦੇਸ਼ ਕੁਸ਼ਤੀ ਐਸੋਸੀਏਸ਼ਨ ਦੇ ਉਪ ਪ੍ਰਧਾਨ ਸੰਜੈ ਸਿੰਘ ਨੂੰ 40, ਜਦਕਿ ਉਸ ਦੀ ਵਿਰੋਧੀ ਅਨੀਤਾ ਸ਼ਿਓਰਾਨ ਨੂੰ ਸੱਤ ਵੋਟਾਂ ਮਿਲੀਆਂ। ਰਾਸ਼ਟਰਮੰਡਲ ਖੇਡਾਂ ਦੀ ਸੋਨ ਤਗਮਾ ਜੇਤੂ ਅਨੀਤਾ ਦਾ ਪੈਨਲ ਹਾਲਾਂਕਿ ਜਨਰਲ ਸਕੱਤਰ ਦਾ ਅਹੁਦਾ ਆਪਣੇ ਨਾਂ ਕਰਨ ਵਿੱਚ ਸਫ਼ਲ ਰਿਹਾ, ਜਦੋਂ ਪ੍ਰੇਮ ਚੰਦ ਲੋਚਬ ਨੇ ਦਰਸ਼ਨ ਨਾਲ ਨੂੰ ਹਰਾਇਆ। ਕੌਮੀ ਮਾਰਗ 'ਤੇ ਫੂਡ ਜੁਆਇੰਟਸ ਦੀ ਫਰੈਂਚਾਇਜ਼ੀ ਚਲਾਉਣ ਵਾਲੇ ਅਤੇ ਪ੍ਰਦਰਸ਼ਨਕਾਰੀ ਪਹਿਲਵਾਨਾਂ ਦੇ ਕਰੀਬੀ ਦਵਿੰਦਰ ਸਿੰਘ ਕਾਦੀਆਨ ਨੇ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਆਪਣੇ ਨਾਂ ਕੀਤਾ। ਉਨ੍ਹਾਂ ਆਈਡੀ ਨਾਨਾਵਤੀ ਨੂੰ 32-15 ਨਾਲ ਹਰਾਇਆ। ਬ੍ਰਿਜ ਭੂਸ਼ਨ ਦੇ ਖੇਮੇ ਨੇ 15 ਵਿੱਚੋਂ 13 ਅਸਾਮੀਆਂ ਆਪਣੇ ਨਾਂ ਕੀਤੀਆਂ। ਚੋਣ ਨਤੀਜਿਆਂ ਤੋਂ ਪਹਿਲਵਾਨ ਬਜਰੰਗ ਪੂਨੀਆ, ਵਿਨੇਸ਼ ਫੋਗਾਟ ਅਤੇ ਸਾਕਸ਼ੀ ਮਲਿਕ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਬ੍ਰਿਜ ਭੂਸ਼ਨ ਖ਼ਿਲਾਫ਼ ਉਨ੍ਹਾਂ ਦਾ ਵਿਰੋਧ ਪ੍ਰਦਰਸ਼ਨ ਵਿਅਰਥ ਗਿਆ ਹੈ ਕਿਉਂਕਿ ਬਦਲਾਅ ਲਈ ਮੁਹਿੰਮ ਚਲਾਉਣ ਦੇ ਬਾਵਜੂਦ ਉਨ੍ਹਾਂ ਨੂੰ ਕੁਸ਼ਤੀ ਜਗਤ ਦਾ ਸਹਿਯੋਗ ਨਹੀਂ ਮਿਲਿਆ ਹੈ। ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਨ ਦਾ ਇੱਕ ਕਰੀਬੀ ਹੁਣ ਪ੍ਰਧਾਨ ਹੈ। ਪਹਿਲਵਾਨਾਂ ਨੇ ਬ੍ਰਿਜ ਭੂਸ਼ਨ 'ਤੇ ਕਥਿਤ ਤੌਰ 'ਤੇ ਜੂਨੀਅਰ ਪਹਿਲਵਾਨਾਂ ਸਣੇ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਸੀ ਅਤੇ ਉਹ ਸਮਾਜ ਦੇ ਵੱਖ ਵੱਖ ਵਰਗਾਂ ਤੋਂ ਭਾਰੀ ਸਮਰਥਨ ਹਾਸਲ ਕਰਨ 'ਚ ਕਾਮਯਾਬ ਰਹੇ ਸੀ। ਹਾਲਾਂਕਿ ਪਹਿਲਵਾਨਾਂ ਦਾ ਪ੍ਰਦਰਸ਼ਨ ਉਦੋਂ ਅਸਫ਼ਲ ਹੋ ਗਿਆ ਜਦੋਂ ਉਨ੍ਹਾਂ 28 ਮਈ ਨੂੰ ਨਵੇਂ ਸੰਸਦ ਭਵਨ ਵੱਲ ਮਾਰਚ ਕਰਨ ਦੀ ਯੋਜਨਾ ਉਲੀਕੀ ਅਤੇ ਦਿੱਲੀ ਪੁਲੀਸ ਨੇ ਦੰਗਾ ਕਰਨ ਦੇ ਦੋਸ਼ ਹੇਠ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਜੰਤਰ-ਮੰਤਰ ਤੋਂ ਹਟਾ ਦਿੱਤਾ। ਪਹਿਲਵਾਨਾਂ ਨੇ ਅਧਿਕਾਰਕ ਤੌਰ 'ਤੇ ਸੱਤ ਜੂਨ ਨੂੰ ਆਪਣਾ ਵਿਰੋਧ ਬੰਦ ਕਰ ਦਿੱਤਾ ਸੀ, ਜਦੋਂ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਬ੍ਰਿਜ ਭੂਸ਼ਨ ਦੇ ਪਰਿਵਾਰ ਦੇ ਕਿਸੇ ਵੀ ਮੈਂਬਰ ਜਾਂ ਕਰੀਬੀ ਸਹਿਯੋਗੀ ਨੂੰ ਡਬਲਿਊਐੱਫਆਈ ਚੋਣਾਂ ਵਿੱਚ ਉੱਤਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਆਰਐੱਸਐੱਸ ਨਾਲ ਜੁੜੇ ਸੰਜੈ ਸਿੰਘ ਵਾਰਾਨਸੀ ਦੇ ਰਹਿਣ ਵਾਲੇ ਹਨ ਅਤੇ ਬ੍ਰਿਜ ਭੂਸ਼ਨ ਦੇ ਬਹੁਤ ਨੇੜਲੇ ਸਹਿਯੋਗੀ ਹਨ। ਸਾਬਕਾ ਪ੍ਰਧਾਨ ਦੀ ਖੇਡ ਵਿੱਚ ਜਬਰਦਸਤ ਰੁਚੀ ਦੇਖਦਿਆਂ ਇਹ ਉਮੀਦ ਹੈ ਕਿ ਸੰਜੈ ਸਿੰਘ ਨੀਤੀਗਤ ਫ਼ੈਸਲਿਆਂ ਵਿੱਚ ਉਨ੍ਹਾਂ ਤੋਂ ਸਲਾਹ ਲੈਣਗੇ। ਨਵੀਂ ਕਾਰਜਕਾਰੀ ਕਮੇਟੀ ਦੀਆਂ ਚੋਣਾਂ ਨਾਲ ਡਬਲਿਊਐੱਫਆਈ 'ਤੇ ਲੱਗੇ ਆਲਮੀ ਸੰਚਾਲਨ ਸੰਸਥਾ ਯੂਨਾਈਟਿਡ ਵਰਲਡ ਰੈਸਲਿੰਗ (ਯੂਡਬਲਿਊਡਬਲਿਊ) ਦੀ ਪਾਬੰਦੀ ਨੂੰ ਹਟਾਉਣ ਦਾ ਰਾਹ ਸਾਫ਼ ਹੋ ਜਾਵੇਗਾ। ਯੂਡਬਲਿਊਡਬਲਿਊ ਨੇ ਸਮੇਂ 'ਤੇ ਚੋਣਾਂ ਨਾ ਕਰਵਾਉਣ ਲਈ ਡਬਲਿਊਐੱਫਆਈ 'ਤੇ ਪਾਬੰਦੀ ਲਗਾ ਦਿੱਤੀ ਸੀ, ਜਿਸ ਨਾਲ ਭਾਰਤੀ ਪਹਿਲਵਾਨਾਂ ਨੂੰ 2023 ਵਿਸ਼ਵ ਚੈਂਪੀਅਨਸ਼ਪਿ ਵਿੱਚ ਨਿਰਪੱਖ ਖਿਡਾਰੀਆਂ ਵਜੋਂ ਮੁਕਾਬਲਾ ਕਰਨ ਲਈ ਮਜਬੂਰ ਹੋਣਾ ਪਿਆ। ਚੋਣ ਪ੍ਰਕਿਰਿਆ ਜੁਲਾਈ ਵਿੱਚ ਸ਼ੁਰੂ ਕੀਤੀ ਗਈ ਸੀ ਪਰ ਅਦਾਲਤ ਵਿੱਚ ਵੱਖ ਵੱਖ ਮਾਮਲਿਆਂ ਕਾਰਨ ਇਸ 'ਚ ਦੇਰੀ ਹੋਈ। ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਲਾਈ ਗਈ ਰੋਕ ਨੂੰ ਰੱਦ ਕਰ ਦਿੱਤਾ, ਜਿਸ ਨਾਲ ਡਬਲਿਊਐੱਫਆਈ ਦੀ ਨਵੀਂ ਪ੍ਰਬੰਧਕ ਸੰਸਥਾ ਦੀਆਂ ਚੋਣਾਂ ਦੀ ਪ੍ਰਕਿਰਿਆ ਲਈ ਰਾਹ ਸਾਫ਼ ਹੋਇਆ।

## ਭਾਰਤੀ ਕੁਸ਼ਤੀ ਸੰਘ ਦੇ ਨਤੀਜੇ ਆਉਣ ਬਾਅਦ ਸਾਕਸ਼ੀ ਮਲਿਕ ਵੱਲੋਂ ਖੇਡਾਂ ਨੂੰ ਅਲਵਿਦਾ

ਨਵੀਂ ਦਿੱਲੀ-ਭਾਰਤੀ ਕੁਸ਼ਤੀ ਸੰਘ ਦੀਆਂ ਚੋਣਾਂ ਦਾ ਨਤੀਜਾ ਆਉਣ ਬਾਅਦ ਸਾਕਸ਼ੀ ਮਲਿਕ ਨੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਬ੍ਰਿਜ ਭੂਸ਼ਨ ਦੇ ਵਿਸ਼ਵਾਸਪਾਤਰ ਦੀ ਅਗਵਾਈ ਵਿੱਚ ਨਹੀਂ ਖੇਡੇਗੀ। ਇਸ ਦੇ ਨਾਲ ਬਜਰੰਗ ਪੂਨੀਆ ਨੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਸਰਕਾਰ ਆਪਣੇ ਸਟੈਂਡ 'ਤੇ ਕਾਇਮ ਨਹੀਂ ਰਹੀ ਕਿ ਬ੍ਰਿਜ ਭੂਸ਼ਨ ਦਾ ਕੋਈ ਵੀ ਵਫ਼ਾਦਾਰ ਸੰਘ ਦੀਆਂ ਚੋਣਾਂ ਨਹੀਂ ਲੜੇਗਾ। ਉਧਰ ਵਿਨੇਸ਼ ਫੋਗਾਟ ਨੇ ਕਿਹਾ ਕਿ ਉੱਭਰਦੀਆਂ ਮਹਿਲਾ ਪਹਿਲਵਾਨਾਂ ਨੂੰ ਵੀ ਸ਼ੋਸ਼ਣ ਦਾ ਸਾਹਮਣਾ ਕਰਨਾ ਪਵੇਗਾ।



### 'ਧੀਆਂ' ਨੂੰ ਰੁਆਉਣਾ ਭਾਜਪਾ ਸਰਕਾਰ ਦੀ ਖੇਡ ਨੀਤੀ-ਕਾਂਗਰਸ

ਨਵੀਂ ਦਿੱਲੀ (ਦਿਓਲ)-ਓਲੰਪਿਕ ਤਮਗਾ ਜੇਤੂ ਮਹਿਲਾ ਪਹਿਲਵਾਨ ਸਾਕਸ਼ੀ ਮਲਿਕ ਦੇ ਸੰਨਿਆਸ ਲੈਣ ਦੇ ਐਲਾਨ ਤੋਂ ਬਾਅਦ ਕਾਂਗਰਸ ਨੇ ਅੱਜ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਅਤੇ ਦੋਸ਼ ਲਾਇਆ ਕਿ 'ਧੀਆਂ ਨੂੰ ਰੁਆਉਣਾ, ਸਤਾਉਣਾ ਤੇ ਘਰ ਬਿਠਾਉਣਾ' ਭਾਜਪਾ ਸਰਕਾਰ ਦੀ ਖੇਡ ਨੀਤੀ ਬਣ ਗਈ ਹੈ। ਪਾਰਟੀ ਦੇ ਜਨਰਲ ਸਕੱਤਰ ਰਣਦੀਪ ਸਿੰਘ ਸੂਰਜੇਵਾਲਾ ਨੇ ਵੀ ਦਾਅਵਾ ਕੀਤਾ ਕਿ ਮਹਿਲਾ ਪਹਿਲਵਾਨਾਂ 'ਤੇ ਹੋਏ 'ਅੱਤਿਆਚਾਰ ਅਤੇ ਬੇਇਨਸਾਫ਼ੀ' ਲਈ ਨਰਿੰਦਰ ਮੋਦੀ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਰੀਓ ਓਲੰਪਿਕਸ ਦੀ ਕਾਂਸੀ ਤਮਗਾ ਜੇਤੂ ਸਾਕਸ਼ੀ ਮਲਿਕ ਨੇ ਭਾਰਤੀ ਕੁਸ਼ਤੀ ਮਹਾਸੰਘ (ਡਬਲਿਊਐੱਫਆਈ) ਦੇ ਪ੍ਰਧਾਨ ਦੇ ਅਹੁਦੇ ਦੀ ਚੋਣ ਵਿੱਚ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਵਿਸ਼ਵਾਸਪਾਤਰ ਸੰਜੈ ਸਿੰਘ ਦੀ ਜਿੱਤ ਦੇ ਵਿਰੋਧ ਵਿੱਚ ਵੀਰਵਾਰ ਨੂੰ ਆਪਣੇ ਕੁਸ਼ਤੀ ਦੇ ਜੁੱਤੇ ਮੇਜ਼ ਉੱਤੇ ਰੱਖ ਦਿੱਤੇ ਅਤੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ। ਇਸ ਸਮੇਂ ਉਹ ਰੋ ਰਹੀ ਸੀ।

## ਤਾਮਿਲਨਾਡੂ ਦੇ ਮੰਤਰੀ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿਚ 3 ਸਾਲ ਦੀ ਕੈਦ

ਚੇਨੱਈ-ਮਦਰਾਸ ਹਾਈ ਕੋਰਟ ਨੇ ਵੀਰਵਾਰ ਨੂੰ ਤਾਮਿਲਨਾਡੂ ਦੇ ਸਿੱਖਿਆ ਮੰਤਰੀ ਕੇ ਪੋਨਮੁਡੀ ਨੂੰ ਆਮਦਨ ਤੋਂ ਵੱਧ ਜਾਇਦਾਦ (ਡੀਏ) ਮਾਮਲੇ ਵਿੱਚ 3 ਸਾਲ ਦੀ ਸਧਾਰਨ ਕੈਦ ਦੀ ਸਜ਼ਾ ਸੁਣਾਈ। ਮਦਰਾਸ ਹਾਈ ਕੋਰਟ ਦੇ ਜਸਟਿਸ ਜੀ ਜੈਚੰਦਰਨ ਨੇ ਸਿੱਖਿਆ ਮੰਤਰੀ ਨੂੰ ਸਜ਼ਾ ਸੁਣਾਈ ਅਤੇ ਪੋਨਮੁਡੀ ਅਤੇ ਉਸ ਦੀ ਪਤਨੀ 'ਤੇ 50-50 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ। ਜੱਜ ਨੇ ਪੋਨਮੁਡੀ ਦੀ ਸਜ਼ਾ ਨੂੰ 30 ਦਿਨਾਂ ਲਈ ਮੁਅੱਤਲ ਕਰ ਦਿੱਤਾ, ਕਿਉਂਕਿ ਉਸ ਕੋਲ ਮੌਜੂਦਾ ਸਮੇਂ ਉੱਚ ਸਿੱਖਿਆ ਵਿਭਾਗ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਮਦਰਾਸ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਉਸ ਫੈਸਲੇ ਨੂੰ ਰੱਦ ਕਰ ਦਿੱਤਾ, ਜਿਸ ਨੇ ਪੋਨਮੁਡੀ ਨੂੰ ਭ੍ਰਿਸ਼ਟਾਚਾਰ ਮਾਮਲੇ ਵਿੱਚ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ।

## ਫਰਾਂਸ ਦੇ ਰਾਸ਼ਟਰਪਤੀ 26 ਜਨਵਰੀ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ

ਨਵੀਂ ਦਿੱਲੀ-ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਇਸ ਵਾਰ 26 ਜਨਵਰੀ ਨੂੰ ਗਣਤੰਤਰ ਦਿਵਸ ਸਮਾਰੋਹ ਵਿਚ ਮੁੱਖ ਮਹਿਮਾਨ ਹੋ ਸਕਦੇ ਹਨ। ਭਾਰਤ ਨੇ ਇਸ ਮੌਕੇ ਲਈ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਸੱਦਾ ਦਿੱਤਾ ਸੀ ਪਰ ਉਨ੍ਹਾਂ ਜਨਵਰੀ ਵਿੱਚ ਨਵੀਂ ਦਿੱਲੀ ਆਉਣ ਤੋਂ ਅਸਮਰੱਥਾ ਪ੍ਰਗਟਾਈ ਸੀ। ਸੂਤਰਾਂ ਨੇ ਦੱਸਿਆ ਕਿ ਫਰਾਂਸ ਦੇ ਰਾਸ਼ਟਰਪਤੀ ਮੈਕਰੋਂ ਨੂੰ ਗਣਤੰਤਰ ਦਿਵਸ ਸਮਾਰੋਹ 'ਚ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਹੈ।


WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਟਰੰਪ ਰਾਸ਼ਟਰਪਤੀ ਚੋਣ ਲੜਨ ਤੋਂ ਅਯੋਗ ਕਰਾਰ

## ਕੋਲੋਰਾਡੋ ਦੀ ਅਦਾਲਤ ਨੇ 2021 ਦੇ 'ਕੈਪੀਟਲ ਹਮਲੇ' ਦੇ ਮਾਮਲੇ 'ਚ ਸੁਣਾਇਆ ਫੈਸਲਾ

ਵਾਸ਼ਿੰਗਟਨ-ਅਮਰੀਕਾ ਦੇ ਕੋਲੋਰਾਡੋ ਰਾਜ ਦੇ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ 2021 ਵਿਚ ਅਮਰੀਕੀ ਕੈਪੀਟਲ (ਸੰਸਦ ਭਵਨ) ਉਤੇ ਹੋਏ ਹਮਲੇ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਭੂਮਿਕਾ ਸੀ ਤੇ ਇਸ ਕਾਰਨ ਉਹ ਅਗਲੀ ਰਾਸ਼ਟਰਪਤੀ ਚੋਣ ਨਹੀਂ ਲੜ ਸਕਦੇ। ਅਦਾਲਤ ਨੇ ਫੈਸਲੇ ਵਿਚ ਇਹ ਵੀ ਕਿਹਾ ਕਿ ਰਾਜ ਦੀ ਰਿਪਬਲਿਕਨ ਪਾਰਟੀ ਦੀ ਪ੍ਰਾਇਮਰੀ ਚੋਣ ਤੋਂ ਵੀ ਟਰੰਪ ਦਾ ਨਾਂ ਵੀ ਹਟਾਇਆ ਜਾਵੇ। ਸਾਬਕਾ ਰਾਸ਼ਟਰਪਤੀ ਟਰੰਪ (77) ਨੂੰ ਅਯੋਗ ਠਹਿਰਾਉਣ ਵਾਲਾ ਇਹ ਫੈਸਲਾ ਸੰਵਿਧਾਨ ਦੀ 14ਵੀਂ ਸੋਧ ਨਾਲ ਸਬੰਧਤ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਸੰਵਿਧਾਨ ਨੂੰ ਸਮਰਥਨ ਦੇਣ ਤੇ ਉਸ ਦੀ ਸਹੁੰ ਚੁੱਕਣ ਵਾਲਾ ਕੋਈ ਵੀ ਆਗੂ ਜੇਕਰ 'ਦੇਸ਼ਧ੍ਰੋਹ ਵਿਚ ਸ਼ਾਮਲ ਹੁੰਦਾ ਹੈ' ਤਾਂ ਉਹ ਭਵਿੱਖ ਵਿਚ ਰਾਸ਼ਟਰਪਤੀ ਦਫ਼ਤਰ ਦਾ ਰੁਖ਼ ਨਹੀਂ ਕਰ ਸਕੇਗਾ। ਜ਼ਿਕਰਯੋਗ ਹੈ ਕਿ ਟਰੰਪ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੀ ਨਾਮਜ਼ਦਗੀ ਪ੍ਰਕਿਰਿਆ ਵਿਚ ਸਭ ਤੋਂ ਅੱਗੇ ਹਨ। ਟਰੰਪ ਦੀ ਪ੍ਰਚਾਰ ਟੀਮ ਮੁਤਾਬਕ ਉਹ ਕੋਲੋਰਾਡੋ ਸੁਪਰੀਮ ਕੋਰਟ ਦੇ 'ਖਾਮੀਆਂ' ਵਾਲੇ ਫੈਸਲੇ ਨੂੰ ਅਮਰੀਕੀ ਸੁਪਰੀਮ ਕੋਰਟ ਵਿਚ ਚੁਣੌਤੀ ਦੇਣਗੇ। ਗੌਰਤਲਬ ਹੈ ਕਿ ਕੋਲੋਰਾਡੋ ਦੇ ਸੁਪਰੀਮ ਕੋਰਟ ਨੇ ਇਕ ਜ਼ਿਲ੍ਹਾ ਅਦਾਲਤ ਦੇ ਜੱਜ ਦੇ ਫੈਸਲੇ ਨੂੰ ਕਾਇਮ ਰੱਖਿਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਟਰੰਪ ਨੇ 6 ਜਨਵਰੀ, 2021 ਨੂੰ ਸੰਸਦ ਭਵਨ ਵਿਚ ਬਗਾਵਤ ਨੂੰ ਹਵਾ ਦਿੱਤੀ ਸੀ ਪਰ ਹੇਠਲੀ ਅਦਾਲਤ ਦੇ ਉਸ ਫੈਸਲੇ ਨੂੰ ਪਲਟਾ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਇਹ ਰੋਕ ਰਾਸ਼ਟਰਪਤੀ ਚੋਣ ਉਤੇ ਲਾਗੂ ਨਹੀਂ ਹੁੰਦੀ। 'ਸੀਬੀਐੱਸ' ਨਿਊਜ਼ ਮੁਤਾਬਕ ਇਹ ਇਕ ਇਤਿਹਾਸਕ ਫੈਸਲਾ ਹੈ ਜਿਸ ਵਿਚ ਪਹਿਲੀ ਵਾਰ ਕਿਸੇ ਅਦਾਲਤ ਨੇ ਟਰੰਪ ਨੂੰ ਰਾਸ਼ਟਰਪਤੀ ਦੀ ਚੋਣ ਲੜਨ ਤੋਂ ਅਯੋਗ ਠਹਿਰਾਇਆ ਹੈ। ਦੱਸਣਯੋਗ ਹੈ ਕਿ ਸੱਤ ਮੈਂਬਰੀ ਕੋਲੋਰਾਡੋ ਸੁਪਰੀਮ ਕੋਰਟ ਦਾ ਇਹ ਫੈਸਲਾ (4-3) ਰਾਜ ਤੋਂ ਬਾਹਰ ਲਾਗੂ ਨਹੀਂ ਹੁੰਦਾ। ਟਰੰਪ ਇਸ ਤੋਂ ਪਹਿਲਾਂ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਨਕਾਰ ਚੁੱਕੇ ਹਨ। ਜ਼ਿਕਰਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ 'ਤੇ ਲੋਕਾਂ ਨੂੰ ਭੜਕਾਉਣ ਅਤੇ ਉਨ੍ਹਾਂ ਨੂੰ ਸੰਸਦ ਅੰਦਰ ਦਾਖ਼ਲ ਹੋਣ ਦੇ ਨਿਰਦੇਸ਼ ਦੇਣ ਦੇ ਦੋਸ਼ ਲੱਗੇ ਹਨ।



# ਕੈਨੇਡਾ ਨਾਲ ਭਾਰਤ ਦੇ ਰਿਸ਼ਤਿਆਂ ਦੇ 'ਸੁਰ ਵਿਚ ਬਦਲਾਅ' ਆਇਆ-ਟਰੂਡੋ

ਓਟਾਵਾ-ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਅਮਰੀਕਾ ਵੱਲੋਂ ਸਿੱਖ ਵੱਖਵਾਦੀ ਦੀ ਹੱਤਿਆ ਦੀ ਸਾਜ਼ਿਸ਼ ਵਿਚ ਇਕ ਭਾਰਤੀ ਨਾਗਰਿਕ 'ਤੇ ਮੁਕੱਦਮਾ ਚਲਾਉਣ ਮਗਰੋਂ ਕੈਨੇਡਾ ਨਾਲ ਭਾਰਤ ਦੇ ਰਿਸ਼ਤਿਆਂ ਦੇ 'ਸੁਰ ਸ਼ਾਇਦ ਹੁਣ ਬਦਲ ਗਏ ਹਨ।' ਟਰੂਡੋ ਨੇ ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਨੂੰ ਦੱਸਿਆ ਕਿ, 'ਮੈਨੂੰ ਲੱਗਦਾ ਹੈ ਕਿ ਹੁਣ ਇਹ ਸਮਝ ਵਿਕਸਿਤ ਹੋਣੀ ਸ਼ੁਰੂ ਹੋ ਗਈ ਹੈ ਕਿ ਉਹ ਇਸ ਸਭ ਵਿਚੋਂ ਗੁੱਸਾ ਦਿਖਾ ਕੇ ਨਹੀਂ ਨਿਕਲ ਸਕਦੇ ਤੇ ਹੁਣ ਮਿਲ ਕੇ ਕੰਮ ਕਰਨ ਲਈ ਇਕ ਕਿਸਮ ਦਾ ਖੁੱਲ੍ਹਾਪਨ ਹੈ, ਤੇ ਇਸ ਤੋਂ ਪਹਿਲਾਂ ਉਹ ਐਨੀ ਖੁੱਲ੍ਹ ਕੇ ਗੱਲ ਨਹੀਂ ਕਰ ਰਹੇ ਸਨ।' ਉਨ੍ਹਾਂ ਕਿਹਾ ਜਾਪਦਾ ਹੈ ਕਿ ਅਮਰੀਕੀ ਕਾਰਵਾਈ ਨੇ ਭਾਰਤ ਸਰਕਾਰ ਨੂੰ ਯਕੀਨ ਦਿਵਾ ਦਿੱਤਾ ਹੈ ਕਿ ਉਨ੍ਹਾਂ ਨੂੰ ਨਰਮ ਸੁਰ ਰੱਖਣਾ ਪਵੇਗਾ। ਟਰੂਡੋ ਨੇ ਕਿਹਾ, 'ਸ਼ਾਇਦ ਇਹ ਸਮਝ ਪੈਦਾ ਹੋਈ ਹੈ ਕਿ ਕੈਨੇਡਾ 'ਤੇ ਸ਼ਬਦੀ ਹੱਲੇ ਬੋਲਣ ਨਾਲ ਇਹ ਸਮੱਸਿਆ ਜਾਣ ਵਾਲੀ ਨਹੀਂ ਹੈ। ਅਸੀਂ ਫਿਲਹਾਲ ਇਸ ਮੁੱਦੇ ਉਤੇ ਭਾਰਤ ਨਾਲ ਲੜਨ ਦੀ ਸਥਿਤੀ ਵਿਚ ਨਹੀਂ ਹਾਂ। ਅਸੀਂ ਵਪਾਰ ਸਮਝੌਤੇ ਉਤੇ ਕੰਮ ਜਾਰੀ ਰੱਖਣਾ ਚਾਹੁੰਦੇ ਹਾਂ। ਇਸ ਦੇ ਨਾਲ ਹੀ ਹਿੰਦ-ਪ੍ਰਸ਼ਾਂਤ ਰਣਨੀਤੀ ਉਤੇ ਵੀ ਅੱਗੇ ਵਧਣਾ ਚਾਹੁੰਦੇ ਹਾਂ। ਪਰ ਕੈਨੇਡਾ ਲਈ ਲੋਕਾਂ ਦੇ ਹੱਕਾਂ, ਸੁਰੱਖਿਆ ਤੇ ਕਾਨੂੰਨ ਖਾਤਰ ਖੜ੍ਹਨਾ ਜ਼ਰੂਰੀ ਹੈ, ਤੇ ਅਸੀਂ ਇਹੀ ਕਰ ਰਹੇ ਹਾਂ।' ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਵਿਚ ਹੋਈ ਹੱਤਿਆ ਦੇ ਮਾਮਲੇ 'ਤੇ ਭਾਰਤ-ਕੈਨੇਡਾ ਵਿਚਾਲੇ ਕੂਟਨੀਤਕ ਟਕਰਾਅ ਪੈਦਾ ਹੋ ਗਿਆ ਸੀ। ਟਰੂਡੋ ਨੇ ਦੋਸ਼ ਲਾਇਆ ਸੀ ਕਿ ਇਸ ਹੱਤਿਆ ਵਿਚ ਭਾਰਤੀ ਏਜੰਟਾਂ ਦੀ 'ਸੰਭਾਵੀ' ਸ਼ਮੂਲੀਅਤ ਹੈ। ਭਾਰਤ ਨੇ 2020 ਵਿਚ ਨਿੱਝਰ ਨੂੰ ਅਤਿਵਾਦੀ ਐਲਾਨ ਦਿੱਤਾ ਸੀ। ਕੈਨੇਡਾ ਦੇ ਦੋਸ਼ਾਂ ਨੂੰ ਭਾਰਤ ਨੇ 'ਬੇਤੁਕੇ ਤੇ ਪ੍ਰੇਰਿਤ' ਦੱਸ ਕੇ ਖਾਰਜ ਕਰ ਦਿੱਤਾ ਸੀ। ਜਦਕਿ ਅਮਰੀਕਾ ਦੇ ਦੋਸ਼ਾਂ ਤੋਂ ਬਾਅਦ ਇਕ ਜਾਂਚ ਕਮੇਟੀ ਦਾ ਗਠਨ ਕੀਤਾ ਹੈ।



# ਯੂਕਰੇਨ ਨੂੰ ਅਮਰੀਕਾ ਤੋਂ ਹੋਰ ਵਧੇਰੇ ਸਹਾਇਤਾ ਮਿਲਣ ਦੀ ਆਸ-ਜ਼ੈਲੇਂਸਕੀ

ਕੀਵ-ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਅਮਰੀਕਾ ਮੁਲਕ ਨੂੰ ਰੂਸ ਖ਼ਿਲਾਫ਼ ਜੰਗ ਜਾਰੀ ਰੱਖਣ ਲਈ ਅਰਬਾਂ ਡਾਲਰ ਦੀ ਹੋਰ ਸਹਾਇਤਾ ਦੇਣ ਦਾ ਆਪਣਾ ਵਾਅਦਾ ਨਿਭਾਏਗਾ। ਉਨ੍ਹਾਂ ਤਿੱਖੇ ਸ਼ਬਦਾਂ 'ਚ ਕਿਹਾ ਕਿ ਯੂਕਰੇਨ ਜੰਗ ਨਹੀਂ ਹਾਰਨ ਜਾ ਰਿਹਾ ਹੈ। ਸਾਲ ਦੇ ਅਖੀਰ 'ਚ ਹੋਣ ਵਾਲੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜ਼ੈਲੇਂਸਕੀ ਨੇ ਰੂਸ ਦੇ ਮੁੜ ਹਾਵੀ ਹੋਣ ਦੀਆਂ ਰਿਪੋਰਟਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਾਲ ਰੂਸ ਆਪਣਾ ਕੋਈ ਵੀ ਟੀਚਾ ਹਾਸਲ ਨਹੀਂ ਕਰ ਸਕਿਆ ਹੈ। ਉਂਜ ਉਨ੍ਹਾਂ ਮੰਨਿਆ ਕਿ ਯੂਕਰੇਨ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਕਾਂਗਰਸ (ਸੰਸਦ) ਦਾ ਇਜਲਾਸ ਯੂਕਰੇਨ ਨੂੰ 61 ਅਰਬ ਡਾਲਰ ਦੀ ਸਹਾਇਤਾ ਦੇਣ 'ਤੇ ਸਹਿਮਤੀ ਪ੍ਰਗਟਾਏ ਬਿਨਾਂ ਹੀ ਖ਼ਤਮ ਹੋ ਗਿਆ। ਉਧਰ ਅਮਰੀਕੀ ਰੱਖਿਆ ਵਿਭਾਗ ਨੇ ਕਿਹਾ ਕਿ ਕੀਵ ਨੂੰ ਸਹਾਇਤਾ ਦੇਣ ਲਈ ਉਨ੍ਹਾਂ ਕੋਲ ਪੈਸਾ ਨਹੀਂ ਬਚਿਆ ਹੈ। ਯੂਰੋਪੀਅਨ ਯੂਨੀਅਨ ਨੂੰ ਵੀ ਯੂਕਰੇਨ ਨੂੰ ਸਹਾਇਤਾ ਦੇਣ ਲਈ ਕੋਈ ਨਵੀਂ ਯੋਜਨਾ ਘੜਨੀ ਪਵੇਗੀ ਕਿਉਂਕਿ 54.5 ਅਰਬ ਡਾਲਰ ਦੀ ਸਹਾਇਤਾ ਦੇਣ ਦੇ ਫ਼ੈਸਲੇ 'ਤੇ ਹੰਗਰੀ ਦੇ ਪ੍ਰਧਾਨ ਮੰਤਰੀ ਵਿਕਟਰ ਓਰਬਾਨ ਨੇ ਵੀਟੋ ਕਰ ਦਿੱਤਾ ਸੀ। ਵੈਸੇ ਜ਼ੈਲੇਂਸਕੀ ਆਸਵੰਦ ਹੈ ਕਿ ਅਮਰੀਕਾ ਉਸ ਨੂੰ ਨੀਂਵਾ ਨਹੀਂ ਪੈਣ ਦੇਵੇਗਾ। ਉਨ੍ਹਾਂ ਕਿਹਾ ਕਿ ਯੂਕਰੇਨ ਨੂੰ ਨਾਟੋ 'ਚ ਸ਼ਾਮਲ ਹੋਣ ਦਾ ਅਜੇ ਤੱਕ ਸੱਦਾ ਨਹੀਂ ਮਿਲਿਆ ਹੈ।

# ਕੈਨੇਡਾ ਦੀ ਆਬਾਦੀ ਵਾਧੇ ਨੇ 66 ਸਾਲਾਂ ਦਾ ਰਿਕਾਰਡ ਤੋੜਿਆ

ਵੈਨਕੂਵਰ-ਕੈਨੇਡਾ ਦੇ ਅੰਕੜਾ ਵਿਭਾਗ ਨੇ ਚਾਲੂ ਸਾਲ ਦੀ ਤੀਜੀ ਤਿਮਾਹੀ ਦੌਰਾਨ ਦੇਸ਼ ਦੀ ਆਬਾਦੀ ਵਿਚ ਚਾਰ ਲੱਖ 13 ਹਜ਼ਾਰ ਦਾ ਵਾਧਾ ਦਰਸਾਇਆ ਹੈ, ਜਿਸ ਨੇ 1957 ਵਾਲਾ ਰਿਕਾਰਡ ਤੋੜਿਆ ਹੈ। ਇਸੇ ਸਾਲ ਜੂਨ ਮਹੀਨੇ ਦੇਸ਼ ਦੀ ਆਬਾਦੀ ਚਾਰ ਕਰੋੜ ਤੋਂ ਟੱਪੀ ਸੀ, ਜੋ 30 ਸਤੰਬਰ ਨੂੰ 40,501,260 ਹੋ ਗਈ ਹੈ। ਇਸ ਆਬਾਦੀ ਵਾਧੇ ਵਿੱਚ ਵੱਡਾ ਯੋਗਦਾਨ ਤਿੰਨ ਲੱਖ 13 ਹਜ਼ਾਰ ਆਵਾਸੀਆਂ ਦਾ ਹੈ, ਜੋ ਤਿੰਨ ਮਹੀਨਿਆਂ ਦੌਰਾਨ ਦੇਸ਼ ਵਿੱਚ ਵਿਦਿਆਰਥੀ, ਕੱਚੇ ਕਾਮਿਆਂ ਅਤੇ ਪਨਾਹੀਆਂ ਵਜੋਂ ਸ਼ਾਮਲ ਹੋਏ। ਬੈਂਕ ਆਫ ਕੈਨੇਡਾ ਦੇ ਉਪ ਗਵਰਨਰ ਟੋਨੀ ਗਰੈਵਲ ਅਨੁਸਾਰ ਆਬਾਦੀ ਵਾਧੇ ਨੂੰ ਦੇਸ਼ ਦੀ ਆਰਥਿਕਤਾ ਤੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਆਵਾਸੀ ਲੋਕ ਬਜ਼ੁਰਗ ਹੋਏ ਦੇਸ਼ਵਾਸੀਆਂ ਕਾਰਨ ਪੈਦਾ ਹੋਏ ਕਾਮਿਆਂ ਦੇ ਖੱਪੇ ਨੂੰ ਪੂਰਨ ਵਿੱਚ ਸਹਾਈ ਹੋ ਕੇ ਆਰਥਿਕ ਮਜ਼ਬੂਤੀ ਦਾ ਸਰੋਤ ਵੀ ਬਣਦੇ ਹਨ ਪਰ ਕੁਝ ਵਿਸ਼ਾ ਮਾਹਿਰ ਇਸ ਨੂੰ ਘਰਾਂ ਦੀ ਥੁੜ੍ਹ ਦੀ ਸਮੱਸਿਆ ਨੂੰ ਸਿੱਧੇ ਤੌਰ 'ਤੇ ਆਵਾਸੀਆਂ ਦੇ ਗਿਣਤੀ ਵਾਧੇ ਨਾਲ ਜੋੜ ਕੇ ਵੇਖਦੇ ਹਨ। ਉਨ੍ਹਾਂ ਅਨੁਸਾਰ ਆਵਾਸ ਵਾਧਾ ਘਰਾਂ ਦੀ ਘਾਟ ਦੇ ਨਾਲ ਨਾਲ ਦੇਸ਼ ਦੀਆਂ ਸਿਹਤ ਸੇਵਾਵਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਇਸੇ ਕਰਕੇ ਘਰਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ ਤੇ ਸਰਕਾਰੀ ਯਤਨਾਂ ਦੇ ਬਾਵਜੂਦ ਮਹਿੰਗਾਈ ਲੋਕਾਂ ਦੀ ਪਕੜ ਵਿੱਚੋਂ ਬਾਹਰ ਹੋ ਕੇ ਮੁਦਰਾ ਸਫੀਤੀ ਦੇ ਵਾਧੇ ਦਾ ਕਾਰਨ ਬਣਦੀ ਹੈ, ਜਿਸ 'ਤੇ ਬੈਂਕ ਵਿਆਜ ਦਰਾਂ ਦਾ ਵਾਧਾ ਵੀ ਅਸਰ-ਕਾਰਕ ਸਾਬਤ ਨਹੀਂ ਹੋ ਰਿਹਾ। ਅੰਕੜਾ ਵਿਭਾਗ ਅਨੁਸਾਰ ਇਸ ਸਾਲ ਦੇ ਪਹਿਲੇ ਨੌਂ ਮਹੀਨਿਆਂ ਵਿੱਚ ਹੋਈ ਅਬਾਦੀ ਵਾਧਾ ਦਰ ਪਿਛਲੇ ਕਿਸੇ ਵੀ ਇੱਕ ਸਾਲ ਦੀ ਹੱਦ ਟੱਪ ਗਈ ਹੈ।









# ਕੈਨੇਡਾ ਦੀ ਨੈਸ਼ਨਲ ਹਾਕੀ ਲੀਗ ਮੌਕੇ ਪਹਿਲੀ ਵਾਰ 'ਓ ਕੈਨੇਡਾ' ਪੰਜਾਬੀ ਵਿਚ

ਓਟਾਵਾ (ਡਾ. ਗੁਰਵਿੰਦਰ ਸਿੰਘ)-ਕੈਨੇਡਾ ਦੀ ਧਰਤੀ 'ਤੇ ਸਵਾ ਸੌ ਸਾਲ ਤੋਂ ਵਸਦੇ ਪੰਜਾਬੀਆਂ ਦਾ ਸਿਰ ਉਸ ਵੇਲੇ ਫਖਰ ਨਾਲ ਹੋਰ ਵੀ ਉੱਚਾ ਹੋਇਆ, ਜਦੋਂ ਕੈਨੇਡਾ ਦੇ ਨੈਸ਼ਨਲ ਹਾਕੀ ਲੀਗ ਦੇ ਵਿਨੀਪੈਗ 'ਚ ਹੋਏ ਮੈਚ ਦੌਰਾਨ, ਰਾਸ਼ਟਰੀ ਗੀਤ 'ਓ ਕੈਨੇਡਾ' ਅੰਗਰੇਜ਼ੀ ਦੇ ਨਾਲ, ਪੰਜਾਬੀ ਵਿੱਚ ਗਾਇਨ ਕੀਤਾ ਗਿਆ। ਇਹ ਪਲ ਯਾਦਗਾਰੀ ਬਣਾਉਣ ਵਿੱਚ ਪੰਜਾਬੀ ਵਿੱਚ 'ਓ ਕੈਨੇਡਾ' ਗਾਉਣ ਵਾਲੇ ਕੈਨੇਡੀਅਨ ਜਮਪਲ ਬੱਚਿਆਂ ਵਿੱਚ ਸਿਮਰ ਕੌਰ ਸੈਂਬੀ, ਹਰਨਾਮ ਕੌਰ ਅਤੇ ਗੁਰਜੋਤ ਮਾਨ ਸਮੇਤ, ਐਂਬਰ ਟਰੇਲਜ਼ ਐਲੀਮੈਂਟਰੀ ਸਕੂਲ ਦੇ ਪੰਜਾਬੀ ਵਿਦਿਆਰਥੀ ਵਧਾਈ ਦੇ ਪਾਤਰ ਹਨ। ਇਸ ਤੋਂ ਇਲਾਵਾ ਸੰਗੀਤਕ ਧੁਨਾਂ ਰਾਹੀਂ ਡਾਕਟਰ ਕਿਰਨਪਾਲ ਕੌਰ ਸਰੋਆ ਦੀ ਅਗਵਾਈ ਵਿੱਚ ਇਹਨਾਂ ਪੰਜਾਬੀ ਬੱਚਿਆਂ ਵੱਲੋਂ ਇਹ ਗੀਤ ਪੇਸ਼ ਕੀਤਾ ਗਿਆ। ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਹਿਲੇ ਮੁਖੀ ਡਾ. ਗੁਰਨਾਮ ਸਿੰਘ ਵੱਲੋਂ ਗੁਰਮਤਿ ਸੰਗੀਤ ਰਾਹੀਂ ਇਸ ਨੂੰ ਹੋਰ ਖ਼ੂਬਸੂਰਤ ਬਣਾਉਣ ਵਿੱਚ, ਪ੍ਰੇਰਨਾ ਦੇਣਾ ਤੇ ਸਹਾਈ ਹੋਣਾ ਮਾਣ ਵਾਲੀ ਗੱਲ ਹੈ।

ਕੈਨੇਡਾ ਦਾ ਰਾਸ਼ਟਰੀ ਗੀਤ 'ਓ ਕੈਨੇਡਾ' ਪੰਜਾਬੀ ਵਿੱਚ ਅਨੁਵਾਦਿਤ ਕਰਦਿਆਂ, ਡਾ. ਗੁਰਨਾਮ ਸਿੰਘ ਦੇ ਸੁਪਤਨੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ ਵਿਦਿਆਰਥੀ ਤੇ ਪੰਜਾਬੀ ਸਾਹਿਤ ਅਧਿਅਨ ਵਿਭਾਗ ਦੇ ਮੁਖੀ ਰਹੇ ਡਾਕਟਰ ਅੰਮ੍ਰਿਤਪਾਲ ਕੌਰ ਨੇ ਪੰਜਾਬੀ ਸ਼ਬਦ ਲਿਖੇ, ਜਿਹਨਾਂ ਨੂੰ ਕੈਨੇਡੀਅਨ ਪੰਜਾਬੀ ਬੱਚਿਆਂ ਨੇ ਲੈਅ, ਸੁਰ, ਤਾਲ ਰਾਹੀਂ ਗਾਇਆ। ਇਹਨਾਂ ਵਿੱਚੋਂ ਕੁਝ ਸ਼ਬਦ ਇਸ ਤਰ੍ਹਾਂ ਹਨ

**"ਓ ਕੈਨੇਡਾ !**
**ਦੂਰੋਂ ਦੂਰ ਤੱਕ**
**ਅਸੀਂ ਸਦਾ ਰਖਵਾਲੇ ਤੇਰੇ।**
**ਰੱਬ ਸਾਡੀ ਧਰਤ ਰੱਖੇ**
**ਆਜ਼ਾਦ ਸ਼ਾਨ ਵਾਲੀ।**
**ਓ ਕੈਨੇਡਾ !**
**ਅਸੀਂ ਸਦਾ ਰੱਖਵਾਲੇ ਤੇਰੇ !!"**

ਇਸ ਇਤਿਹਾਸਿਕ ਪ੍ਰਾਪਤੀ ਲਈ ਸਮੂਹ ਕੈਨੇਡੀਅਨ ਵਧਾਈ ਦੇ ਪਾਤਰ ਹਨ। 16 ਦਸੰਬਰ 2023 ਨੂੰ ਅਜਿਹਾ ਇਤਿਹਾਸ ਸਿਰਜਿਆ ਗਿਆ, ਜਿਸ ਲਈ ਕੈਨੇਡਾ ਵਸਦੇ ਪੰਜਾਬੀ ਵਰਿਆਂ ਤੋਂ ਉਪਰਾਲੇ ਕਰਦੇ ਆ ਰਹੇ ਹਨ। ਇਸ ਤੋਂ ਪਹਿਲਾਂ ਕੈਨੇਡਾ ਵਿੱਚ ਹਾਕੀ ਦੀ ਪੰਜਾਬੀ ਵਿੱਚ ਕੁਮੈਂਟਰੀ, ਡੇਢ ਦਹਾਕਾ ਪਹਿਲਾਂ ਤੋਂ ਬਹੁਤ ਉਤਸ਼ਾਹ ਨਾਲ ਚੱਲ ਰਹੀ ਹੈ, ਜਿਸ ਨੂੰ ਸੀਬੀਸੀ ਕੈਨੇਡੀਅਨ ਬਰੌਡਕਾਸਟਿੰਗ ਵੱਲੋਂ ਪ੍ਰਸਾਰਤ ਕੀਤਾ ਜਾਂਦਾ ਹੈ। ਇਹ ਵੀ ਵੱਡੀ ਪ੍ਰਾਪਤੀ ਹੈ। ਕੈਨੇਡਾ ਵਿੱਚ ਪੰਜਾਬੀ ਦਾ ਬੂਟਾ ਲਾਉਣ ਵਾਲੇ ਗਦਰੀ ਬਾਬਿਆਂ ਅਤੇ ਉਸ ਤੋਂ ਮਗਰੋਂ ਕੀਤੇ ਜਾ ਰਹੇ ਸਮੂਹ ਉਪਰਾਲਿਆਂ ਦਾ, ਇਹ ਸ਼ਾਨਦਾਰ ਨਤੀਜਾ ਹੈ।

ਇਸ ਸਮੇਂ ਪੰਜਾਬੀ ਕੈਨੇਡਾ ਦੀ ਚੌਥੀ ਵੱਡੀ ਬੋਲੀ ਹੈ। ਅੰਗਰੇਜ਼ੀ, ਫਰੈਂਚ ਅਤੇ ਚੀਨੀ ਤੋਂ ਮਗਰੋਂ, ਪੰਜਾਬੀ ਦਾ ਨਾਂ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਆਉਂਦਾ ਹੈ, ਇਸ ਦੇ ਬਾਵਜੂਦ ਕਿ ਮਰਦਮ ਸ਼ੁਮਾਰੀ ਮੌਕੇ ਬਹੁਤ ਸਾਰੇ ਪੰਜਾਬੀ, ਆਪਣੀ ਮਾਂ ਬੋਲੀ ਪੰਜਾਬੀ ਲਿਖਵਾਉਣ ਪੱਖੋਂ ਅਵੇਸਲੇ ਵੀ ਹੋ ਜਾਂਦੇ ਹਨ। ਆਓ ਮਾਂ ਬੋਲੀ ਪੰਜਾਬੀ ਨੂੰ ਪਿੱਠ ਨਾ ਦਿਖਾਈਏ। ਘਰਾਂ ਵਿੱਚ ਪੰਜਾਬੀ ਬੋਲੀਏ। ਮਰਦਮ ਸ਼ੁਮਾਰੀ ਮੌਕੇ ਪੰਜਾਬੀ ਲਿਖਵਾਈਏ, ਪੰਜਾਬੀ ਹੋਣ 'ਤੇ ਮਾਣ ਮਹਿਸੂਸ ਕਰੀਏ ਅਤੇ ਫ਼ਖ਼ਰ ਨਾਲ ਆਖੀਏ ;

**ਰੱਬ ਸਾਡੀ ਧਰਤ ਰੱਖੇ**
**ਆਜ਼ਾਦ ਸ਼ਾਨ ਵਾਲੀ।**
**ਓ ਕੈਨੇਡਾ !**
**ਅਸੀ ਸਦਾ ਰੱਖਵਾਲੇ ਤੇਰੇ !**







mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


Merry Christmas & Happy New Year
MJM
FURNITURE
Boxing Week Special Sale
Lots of Design
Best Quality
Best Price
Expressing Your Interior World
Finance Available
O.A.C
Quality Furniture for Your Home.
Come visit our showroom. Over 34,000 sq ft
of quality Fine Furniture
Upto 70% OFF
THREE LOCATIONS TO SERVE YOU
604-596-9901
13570 - 77th Ave., Surrey, BC
604-522-1388
#2, 1315 United Boulevard, Coquitlam BC
3057 grandview hwy vancouver,
604-454-1191


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

THANK YOU FOR MAKING US
2022
Outstanding Achievement
National
TOP 20%

PRIVATE
MORTGAGES
No Worries... We Can Help!

Easily available Private Mortgage could be just what you need.

- Up to $5 million available
- $10,000 to $1 million in just 24 Hours



- Residential Mortgages
- Commercial Mortgages
- Construction Mortgages
- New Immigrants
- Second Mortgages
- First Time Home Buyers

invis
Canada's Mortgage Experts™
MORTGAGE INTELLIGENCE®


Call today to get started
SANJEEV KATYAL
604.767.5194
info@katyalmortgage.ca

WWW.KATYALMORTGAGE.CA









# ਜਰਨੈਲ ਆਰਟ ਅਕੈਡਮੀ ਦੇ ਬੱਚਿਆਂ ਦੀ ਚਿਤਰਕਲਾ ਪ੍ਰਦਰਸ਼ਨੀ ਨੇ ਦਰਸ਼ਕ ਮੋਹੇ

ਸਰੀ (ਹਰਦਮ ਮਾਨ)-ਬੀਤੇ ਦਿਨੀਂ ਜਰਨੈਲ ਆਰਟਸ ਅਕੈਡਮੀ ਵਿਚ ਸਿੱਖਿਅਤ ਬੱਚਿਆਂ ਦੀ ਦੋ ਦਿਨਾਂ ਚਿਤਰਕਲਾ ਪ੍ਰਦਰਸ਼ਨੀ ਲਾਈ ਗਈ। ਇਹ ਚਿਤਰਕਲਾ ਪ੍ਰਦਰਸ਼ਨੀ ਸਿੱਖ ਇਤਿਹਾਸ ਦੇ ਨਾਮਵਰ ਚਿਤਰਕਾਰ ਸਵ. ਕ੍ਰਿਪਾਲ ਸਿੰਘ ਨੂੰ ਸਮਰਪਿਤ ਰਹੀ। ਵਰਨਣਯੋਗ ਹੈ ਕਿ ਸਿੱਖ ਇਤਿਹਾਸ ਤੇ ਪੰਜਾਬੀ ਸਭਿਆਚਾਰ ਦੇ ਨਾਮਵਰ ਚਿਤਰਕਾਰ ਜਰਨੈਲ ਸਿੰਘ ਤੇ ਉਹਨਾਂ ਦੀ ਪਤਨੀ ਬਲਜੀਤ ਕੌਰ ਬੱਚਿਆਂ ਨੂੰ ਲਗਾਤਾਰ ਆਰਟ ਸਿਖਲਾਈ ਦੇ ਰਹੇ ਹਨ। ਇਹ ਪ੍ਰਦਰਸ਼ਨੀ ਉਹਨਾਂ ਦੇ ਵਿਦਿਆਰਥੀਆਂ ਦੀ ਕਲਾ ਦੀ ਪਹਿਲੀ ਪ੍ਰਦਰਸ਼ਨੀ ਸੀ ਜੋ ਉਹਨਾਂ ਦੀ ਆਰਟ ਗੈਲਰੀ ਵਿਚ ਲਾਈ ਗਈ। ਇਸ ਪ੍ਰਦਰਸ਼ਨੀ ਦੇ ਉਦਘਾਟਨੀ ਮੌਕੇ 'ਤੇ ਸ਼ਾਇਰ ਮੋਹਨ ਗਿੱਲ ਨੇ ਦੱਸਿਆ ਕਿ 2004 ਤੋਂ ਸ਼ੁਰੂ ਹੋਈ ਇਸ ਅਕੈਡਮੀ ਵਿਚ ਜਰਨੈਲ ਸਿੰਘ ਨੇ ਜਿਸ ਤਰਾਂ ਅਪਣੇ ਪਿਤਾ ਤੇ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਨੀ ਚਿਤਰਕਾਰ ਸ. ਕਿਰਪਾਲ ਸਿੰਘ ਤੋਂ ਕਲਾ ਦੀ ਜੋਤ ਲੈ ਕੇ ਅੱਗੇ ਜਗਾਈ ਹੈ ਉਸੇ ਤਰਾਂ ਉਹ ਹੁਣ ਕੈਨੇਡਾ ਦੀ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਕਲਾ ਦੀ ਜਾਗ ਲਾ ਰਹੇ ਹਨ। ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਜਦੋਂ ਵੀ ਗੈਲਰੀ ਵਿਚ ਆਉਂਦੇ ਹਾਂ ਇੱਥੇ ਆ ਕੇ ਸਕੂਨ ਮਹਿਸੂਸ ਹੁੰਦਾ ਹੈ। ਬਹੁਤੇ ਕਲਾਕਾਰ ਅਪਣੇ ਤੱਕ ਹੀ ਸੀਮਤ ਰਹਿੰਦੇ ਹਨ ਪਰ ਜਰਨੈਲ ਸਿੰਘ ਤੇ ਬਲਜੀਤ ਕੌਰ ਅਤੇ ਉਹਨਾਂ ਦੀ ਬੇਟੀ ਨੀਤੀ ਸਿੰਘ ਨੇ ਅਪਣੀ ਕਲਾ ਦਾ ਪ੍ਰਸਾਰ ਅੱਗੇ ਕੀਤਾ ਹੈ ਜੋ ਇਕ ਵਧੀਆ ਉਦਮ ਹੈ। ਬਲਬੀਰ ਸਿੰਘ ਸੰਘਾ ਨੇ ਸਿੱਖ ਇਤਿਹਾਸਕ ਵਿਰਸੇ ਦੀ ਯਾਦ ਕਰਾਉਂਦੀਆਂ ਕਿਰਤਾਂ ਦੀ ਸ਼ਲਾਘਾ ਕੀਤੀ ਤੇ ਨਵੀਂ ਪੀੜ੍ਹੀ ਨੂੰ ਇਸ ਨਾਲ ਜੋੜਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਪ੍ਰਦਰਸ਼ਨੀ ਵਿਚ 24 ਕਲਾਕਾਰਾਂ ਨੇ ਭਾਗ ਲਿਆ ਜਿਹਨਾਂ ਵਿਚ ਬਹੁਤ ਛੋਟੇ ਬੱਚਿਆਂ ਤੋਂ ਲੈ ਕੇ ਬਾਲਗ ਉਮਰ ਤੱਕ ਦੇ ਕਲਾਕਾਰ ਸ਼ਾਮਲ ਸਨ। 35 ਕਿਰਤਾਂ ਦੀ ਇਸ ਪ੍ਰਦਰਸ਼ਨੀ ਵਿਚ ਬਹੁਭਾਂਤੀ ਵਿਸ਼ਾ ਵਸਤੂ ਪੇਸ਼ ਕੀਤੇ ਗਏ। ਕਾਰਜ ਕੁਸ਼ਲਤਾ ਅਤੇ ਪ੍ਰਬੀਨਤਾ ਨਾਲ ਚਿਤਰੇ ਫੁੱਲ ਬੂਟੇ, ਗੁਲਦਸਤੇ, ਧਰਤ ਦ੍ਰਿਸ਼, ਪੋਰਟਰੇਟ ਤੇ ਜੰਗਲੀ ਜੀਵ ਦੇ ਚਿਤਰਾਂ ਨੇ ਸਭ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਗੀਤਾ ਮਿਸ਼ਰਾ, ਸ਼ੁਭਪ੍ਰੀਤ ਕੌਰ ਖੋਸਾ, ਸਵਤੰਤਰ ਸਿੰਘ ਖੋਸਾ, ਗੌਰੀ ਸ਼ਰਮਾ, ਅਵਨੀਤ ਤੂਰ ਦਾ ਕੰਮ ਵਿਸ਼ੇਸ਼ ਜ਼ਿਕਰਯੋਗ ਹੈ। ਅਨਮੋਲ ਰਾਇ, ਅਨੂਪ ਰਾਇ, ਅਰਪਨ ਸਿਧੂ, ਬੰਧਨਾ ਬਦੇਸ਼ਾ, ਜਸਨੂਰ ਸੰਘਾ, ਜੀਵਨਜੋਤ ਮਿਨਹਾਸ, ਕਿਰਨਜੋਤ ਦਿਓਗਨ, ਮੰਨਤ ਗਿਲ, ਪਰਨੂਰ ਸੁੰਨਰ, ਸੁਖਮਨੀ ਸਿੱਧੂ, ਤਰਨਦੀਪ ਗਿੱਲ ਦੀਆਂ ਕਲਾ ਕਿਰਤਾਂ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀਆਂ। ਇਸ ਮੌਕੇ ਕਲਾਕਾਰਾਂ ਅਤੇ ਦਰਸ਼ਕਾਂ ਨੂੰ ਸੰਬੋਧਿਤ ਕਰਦਿਆਂ ਚਿਤਰਕਾਰ ਜਰਨੈਲ ਸਿੰਘ ਨੇ ਦੱਸਿਆ ਕਿ ਚਿਤਰਕਲਾ, ਸੰਗੀਤ, ਸਾਹਿਤ, ਇਹ ਸਾਰੀਆਂ ਕਲਾਵਾਂ ਮਨੁੱਖ ਦੇ ਜੀਵਨ ਨੂੰ ਮਾਨਣਯੋਗ ਬਣਾਉਂਦੀਆਂ ਹਨ ਅਤੇ ਅਰਥ ਪ੍ਰਦਾਨ ਕਰਨ ਦੇ ਨਾਲ ਨਾਲ ਜੀਵਨ ਵਿਚ ਅਤਿ ਲੋੜੀਦੀਆਂ ਭਾਵਨਾਵਾਂ ਜਿਵੇਂ ਸਹਿਣ ਸ਼ਕਤੀ, ਨਿਸਚੇ ਵੱਲ ਫੋਕਸ ਤੇ ਜੀਵਨ ਵਿਚ ਡਸਿਪਲਨ ਸਿਖਾਉਂਦੀਆਂ ਹਨ। ਅਖੀਰ ਵਿਚ ਸਾਰੇ ਬਾਲ ਕਲਾਕਾਰਾਂ ਨੂੰ ਸਨਮਾਨ ਪੱਤਰ ਦੇ ਕੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ।














# ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਨਾਮਵਰ ਗ਼ਜ਼ਲਗੋ ਜਸਵਿੰਦਰ ਦਾ ਜਨਮ ਦਿਨ ਮਨਾਇਆ

ਸਰੀ (ਹਰਦਮ ਮਾਨ)-ਬੀਤੇ ਦਿਨ ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬੀ ਦੇ ਨਾਮਵਰ ਗ਼ਜ਼ਲਗੋ ਜਸਵਿੰਦਰ ਦਾ ਜਨਮ ਦਿਨ ਜਰਨੈਲ ਆਰਟ ਗੈਲਰੀ ਸਰੀ ਵਿਖੇ ਮਨਾਇਆ ਗਿਆ। ਇਸ ਮੌਕੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਨਾਮਵਰ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ, ਅੰਗਰੇਜ਼ ਬਰਾੜ, ਨਵਦੀਪ ਗਿੱਲ, ਚਰਨਜੀਤ ਸਿੰਘ ਸਲ੍ਹੀਣਾ ਅਤੇ ਹਰਦਮ ਸਿੰਘ ਮਾਨ ਨੇ ਜਸਵਿੰਦਰ ਨੂੰ ਜਨਮ ਦਿਨ ਦੀਆਂ ਮੁਬਾਰਕਬਾਦ ਦਿੰਦਿਆਂ ਉਨਾਂ ਦੀ ਲੰਮੀ ਅਤੇ ਸਿਹਤਯਾਬ ਉਮਰ ਦੀ ਕਾਮਨਾ ਕੀਤੀ। ਜਰਨੈਲ ਸਿੰਘ ਸੇਖਾ ਨੇ ਆਪਣੇ ਮਾਬਰਕੀ ਸ਼ਬਦਾਂ ਵਿਚ ਕਿਹਾ ਕਿ ਜਸਵਿੰਦਰ ਨੇ ਗ਼ਜ਼ਲ ਖੇਤਰ ਵਿਚ ਆਪਣੀ ਮਾਣਯੋਗ ਪਹਿਚਾਣ ਬਣਾਈ ਹੈ। ਉਸ ਨੇ ਪੰਜਾਬ ਅਤੇ ਪੰਜਾਬੀ ਧਰਾਤਲ ਨਾਲ ਜੁੜੇ ਬਹੁਤ ਹੀ ਗਹਿਰੇ ਖ਼ਿਆਲ ਅਤੇ ਨਵੇਂ ਬਿੰਬ ਲੋਕ ਬੋਲੀ ਵਿਚ ਪੇਸ਼ ਕਰਕੇ ਪੰਜਾਬੀ ਗ਼ਜ਼ਲ ਨੂੰ ਅਮੀਰੀ ਪ੍ਰਦਾਨ ਕੀਤੀ ਹੈ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਇਕ ਬਹੁਤ ਉੱਚਕੋਟੀ ਦੇ ਸ਼ਾਇਰ ਅਤੇ ਬੜੇ ਬੀਬੇ ਇਨਸਾਨ ਦੀ ਦੋਸਤੀ ਸਾਡੇ ਲਈ ਵੱਡੇ ਮਾਣ ਵਾਲੀ ਗੱਲ ਹੈ। ਹਰਦਮ ਸਿੰਘ ਮਾਨ ਨੇ ਕਿਹਾ ਕਿ ਜਸਵਿੰਦਰ ਨੂੰ ਬੇਸ਼ੱਕ ਸਾਹਿਤ ਅਕਾਦਮੀ ਅਵਾਰਡ ਅਤੇ ਸ਼ਰੋਮਣੀ ਪੰਜਾਬੀ ਕਵੀ ਹੋਣ ਦੇ ਵੱਡੇ ਸਨਮਾਨ ਮਿਲੇ ਹਨ ਪਰ ਉਸ ਦੀ ਸ਼ਖ਼ਸੀਅਤ ਹਰ ਪਲ ਹਲੀਮੀ ਨਾਲ ਭਰਪੂਰ ਰਹਿੰਦੀ ਹੈ। ਅੰਗਰੇਜ਼ ਬਰਾੜ ਨੇ ਕਿਹਾ ਕਿ ਜਸਵਿੰਦਰ ਦੀ ਗ਼ਜ਼ਲ ਵਿਚ ਸ਼ਾਬਦਿਕ ਜਾਲ ਨਹੀਂ ਸਗੋਂ ਆਪਣਾ ਆਲਾ ਦੁਆਲਾ ਸਮਝਣ ਅਤੇ ਸਮਾਜ ਵਿਚ ਵਿਚਰਣ ਦੀ ਸੋਝੀ ਖ਼ੂਬਸੂਰਤ ਚਿਤਰਣ ਹੈ। ਜਰਨੈਲ ਸਿੰਘ ਆਰਟਿਸਟ ਨੇ ਕਿਹਾ ਕਿ ਆਪਣੀ ਰਚਨਾ ਰਾਹੀਂ ਇਸ ਸਮਾਜ ਨੂੰ ਖ਼ੂਬਸੂਰਤ ਬਣਾਉਣ ਲਈ ਉਤਸ਼ਾਹਿਤ ਕਰਨ ਵਾਲਾ ਲੇਖਕ, ਕਲਕਾਕਾਰ ਹੀ ਲੋਕਾਂ ਵਿਚ ਪਿਆਰਿਆ ਸਤਿਕਾਰਿਆ ਜਾਂਦਾ ਹੈ ਅਤੇ ਸਾਨੂੰ ਬੇਹੱਦ ਖ਼ੁਸ਼ੀ ਹੈ ਕਿ ਜਸਵਿੰਦਰ ਨੂੰ ਅਜਿਹਾ ਹੋਣ ਦਾ ਫ਼ਖ਼ਰ ਹਾਸਲ ਹੈ। ਨਵਦੀਪ ਗਿੱਲ ਅਤੇ ਚਰਨਜੀਤ ਸਿੰਘ ਸਲ੍ਹੀਣਾ ਨੇ ਆਪਣੇ ਸੁਰੀਲੇ ਸੁਰਾਂ ਨਾਲ ਦੋ ਗੀਤ ਪੇਸ਼ ਕਰਕੇ ਜਨਮ ਦਿਨ ਦੇ ਜ਼ਸ਼ਨ ਨੂੰ ਦਿਲਕਸ਼ ਬਣਾਇਆ। ਅੰਤ ਵਿਚ ਜਸਵਿੰਦਰ ਨੇ ਕਿਹਾ ਕਿ ਵੈਨਕੂਵਰ ਵਿਚਾਰ ਮੰਚ ਦੇ ਦੋਸਤਾਂ ਵੱਲੋਂ ਮੇਰੇ ਮਾਣ ਵਿਚ ਅਜਿਹਾ ਹੈਰਾਨੀਜਨਕ ਪ੍ਰੋਗਰਾਮ ਰਚਾਉਣ ਲਈ ਮੈਂ ਸਭ ਦਾ ਬੇਹੱਦ ਮਸ਼ਕੂਰ ਹਾਂ। ਇਕ ਸ਼ਾਇਰ ਦੇ ਨਾਤੇ ਸੁਚੇਤ ਤੌਰ 'ਤੇ ਸਾਹਿਤ ਦੀ ਰਚਨਾ ਕਰਨ ਦਾ ਮੈਂ ਆਪਣਾ ਫ਼ਰਜ਼ ਨਿਭਾਅ ਰਿਹਾ ਹਾਂ। ਮੈਂ ਸਮਝਦਾ ਹਾਂ ਕਿ ਮੇਰੀ ਸ਼ਾਇਰੀ ਜੇਕਰ ਕਿਸੇ ਨਿਰਾਸੇ ਨੂੰ ਕੋਈ ਆਸ ਦੀ ਕਿਰਨ ਦਿਖਾਉਣ ਦੇ ਕਾਬਲ ਹੋ ਜਾਂਦੀ ਹੈ ਤਾਂ ਮੇਰੇ ਲਈ ਏਹੀ ਸਭ ਤੋਂ ਵੱਡੀ ਪ੍ਰਾਪਤੀ ਅਤੇ ਸਨਮਾਨ ਹੈ।

# ਮੁੱਖ ਮੰਤਰੀ ਵੱਲੋਂ ਉੱਘੇ ਕਲਾਕਾਰ ਸੋਭਾ ਸਿੰਘ ਦੀ ਜੀਵਨੀ ਰਿਲੀਜ਼

ਚੰਡੀਗੜ੍ਹ-ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ ਨੇ ਪੰਜਾਬ ਭਵਨ, ਚੰਡੀਗੜ ਵਿਖੇ 'ਸੋਭਾ ਸਿੰਘ ਆਰਟਿਸਟ: ਲਾਈਫ ਐਂਡ ਲੀਗੇਸੀ' ਕਿਤਾਬ ਰਿਲੀਜ਼ ਕੀਤੀ। ਮੁੱਖ ਮੰਤਰੀ ਨੇ ਮਰਹੂਮ ਕਲਾਕਾਰ ਦੀ ਪਹਿਲੀ ਜੀਵਨੀ ਲਿਖਣ ਲਈ ਲੇਖਕ ਡਾ: ਹਿਰਦੇ ਪਾਲ ਸਿੰਘ ਨੂੰ ਕਲਾਕਾਰ ਦੀ ਬਹੁ-ਆਯਾਮੀ ਸ਼ਖ਼ਸੀਅਤ ਦਾ ਵੇਰਵਾ ਦੇਣ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੋਭਾ ਸਿੰਘ ਪੰਜਾਬ ਦਾ ਮਹਾਨ ਪੁੱਤਰ ਸੀ, ਜਿਨ੍ਹਾਂ ਨੇ ਧਾਰਮਿਕ ਵਿਸ਼ਿਆਂ, ਸੁਤੰਤਰਤਾ ਸੈਨਾਨੀਆਂ ਅਤੇ ਰਾਸ਼ਟਰੀ ਨਾਇਕਾਂ, ਕਬੀਲਿਆਂ ਅਤੇ ਲੈਂਡਸਕੇਪ ਆਦਿ ਵਿਸ਼ਿਆਂ 'ਤੇ ਆਪਣੀਆਂ ਸ਼ਾਨਦਾਰ ਪੇਂਟਿਗਾਂ ਰਾਹੀਂ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਰਾਸ਼ਟਰ ਦਾ ਨਾਮ ਰੌਸ਼ਨ ਕੀਤਾ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਨਵੀਂ ਪੁਸਤਕ ਪ੍ਰਸ਼ੰਸਕਾਂ ਅਤੇ ਪੈਰੋਕਾਰਾਂ ਨੂੰ ਬਹੁਤ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰੇਗੀ ਅਤੇ ਖੋਜਕਰਤਾਵਾਂ, ਕਲਾ ਦੇ ਵਿਦਿਆਰਥੀਆਂ, ਜਾਣਕਾਰਾਂ ਅਤੇ ਸੰਤ-ਕਲਾਕਾਰ ਬਾਰੇ ਹੋਰ ਜਾਣਨ ਦੀ ਇੱਛਾ ਰੱਖਣ ਵਾਲੇ ਆਮ ਲੋਕਾਂ ਲਈ ਬਹੁਤ ਲਾਹੇਵੰਦ ਹੋਵੇਗੀ। 29 ਨਵੰਬਰ 1901 ਨੂੰ ਗੁਰਦਾਸਪੁਰ ਦੇ ਸ੍ਰੀ ਹਰਗੋਬਿੰਦਪੁਰ ਵਿਖੇ ਜਨਮੇ




ਇਸ ਕਲਾਕਾਰ ਨੇ ਕਾਂਗੜਾ ਘਾਟੀ ਦੇ ਕਲਾ ਪਿੰਡ ਅੰਦਰੇਟਾ ਵਿਖੇ 1947 ਤੋਂ 1986 ਤੱਕ ਰਚਨਾਤਮਕਤਾ ਦੇ ਚਾਰ ਦਹਾਕੇ ਬਿਤਾਏ।ਉਨ੍ਹਾਂ ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ 'ਪਦਮ ਸ਼੍ਰੀ' ਨਾਲ ਸਨਮਾਨਿਤ ਕੀਤਾ ਗਿਆ ਸੀ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਉਨ੍ਹਾਂ ਦੇ 75ਵੇਂ ਜਨਮ ਦਿਨ ਦੀ ਯਾਦ ਵਿੱਚ ਇੱਕ ਦਸਤਾਵੇਜ਼ੀ ਫਿਲਮ, 'ਪੇਂਟਰ ਆਫ਼ ਪੀਪਲ' ਰਿਲੀਜ਼ ਕੀਤੀ। ਬੀ.ਬੀ.ਸੀ., ਲੰਡਨ ਨੇ ਵੀ ਉਨ੍ਹਾਂ 'ਤੇ ਡਾਕੂਮੈਂਟਰੀ ਬਣਾਈ । ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਡੀ.ਲਿਟ ਦੀ ਡਿਗਰੀ ਪ੍ਰਦਾਨ ਕੀਤੀ ਗਈ ਸੀ। ਉਨ੍ਹਾਂ ਦੀ ਜਨਮ ਸ਼ਤਾਬਦੀ ਦੌਰਾਨ, ਭਾਰਤ ਸਰਕਾਰ ਨੇ ਉਨ੍ਹਾਂ 'ਤੇ ਇੱਕ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ। ਲੋਕਾਂ ਦੇ ਇਸ ਹਰਮਨ ਪਿਆਰੇ ਚਿੱਤਰਕਾਰ ਦਾ 22 ਅਗਸਤ 1986 ਨੂੰ ਚੰਡੀਗੜ੍ਹ ਵਿਖੇ ਦਿਹਾਂਤ ਹੋ ਗਿਆ ਸੀ।ਪੰਜਾਬ ਭਵਨ ਵਿਖੇ ਪੁਸਤਕ ਰਿਲੀਜ਼ ਸਮਾਰੋਹ ਦੌਰਾਨ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਲੇਖਕ ਡਾ: ਹਿਰਦੇ ਪਾਲ ਸਿੰਘ ਅਤੇ ਨੀ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਕਮਲਜੀਤ ਕੌਰ, ਮੁੱਖ ਮੰਤਰੀ,ਹਿਮਾਚਲ ਪ੍ਰਦੇਸ਼ ਦੇ ਪ੍ਰਮੁੱਖ ਸਲਾਹਕਾਰ ਸ਼੍ਰੀ ਰਾਮ ਸੁਭਾਗ ਸਿੰਘ ਅਤੇ ਉੱਘੇ ਚਿੱਤਰਕਾਰ ਆਰ.ਐਮ.ਸਿੰਘ ਵੀ ਹਾਜ਼ਰ ਸਨ।

ROHITA PANNU
LAW CORPORATION




BARRISTER & SOLICITOR
SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

Ph: 604.589.1399
Fax : 604.589.1556
www.rohitapannulaw.com
# 102-9278, 120th St.,
Surrey, BC V3V 4W8

# ਕੁਦਰਤ ਕਾਇਨਾਤ ਦੀ ਸਭ ਤੋਂ ਵੱਡੀ ਨਿਆਮਤ

ਕੁਦਰਤ ਇਸ ਕਾਇਨਾਤ ਦੀ ਸਭ ਤੋਂ ਵੱਡੀ ਨਿਆਮਤ ਹੈ। ਕੁਦਰਤ ਕੋਲ ਵੱਡੇ-ਵੱਡੇ ਨਿਆਮਤਾਂ ਦੇ ਭੰਡਾਰ ਹਨ, ਜੋ ਸਾਡੇ ਹੀ ਲਈ ਹਨ।ਮਨੁੱਖ ਲਗਾਤਾਰ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ।ਓਧਰ ਕੁਦਰਤ ਵੀ ਮਨੁੱਖ ਨੂੰ ਲਗਾਤਾਰ ਇਸ਼ਾਰੇ ਕਰ ਰਹੀ ਹੈ ।ਕੁਦਰਤ ਨਾਲ ਛੇੜਛਾੜ ਕਰਕੇ ਧਰਤੀ ਦਾ ਸੰਤੁਲਨ ਵਿਗੜ ਗਿਆ ਹੈ। ਜਲਵਾਯੂ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਝੀਲਾਂ ਦਾ ਪਾਣੀ ਸੁੱਕ ਰਿਹਾ ਹੈ।ਦੇਖਿਆ ਗਿਆ ਕਿ ਜਦੋਂ ਫਸਲ ਪੱਕਣ ਤੇ ਆਉਂਦੀ ਹੈ ਤਾਂ ਕੁਦਰਤ ਛਿਣਾਂ 'ਚ ਹੀ ਪੱਕੀ ਫਸਲ ਨੂੰ ਬਰਬਾਦ ਕਰ ਦਿੰਦੀ ਹੈ। ਜਦੋਂ ਕਣਕ ਦੀ ਵਾਢੀ ਕਰਨੀ ਸੀ ਤਾਂ ਕੁਦਰਤ ਨੇ ਪੱਕੀ ਕਣਕ ਖੇਤਾਂ ਵਿੱਚ ਹੀ ਵਿਛਾ ਦਿੱਤੀ। ਫਸਲਾਂ ਦੀ ਵੱਧ ਪੈਦਾਵਾਰ ਲਈ ਕੀਟਨਾਸ਼ਕਾਂ ਦੀ ਧੱੜਲੇ ਨਾਲ ਵਰਤੋਂ ਹੋ ਰਹੀ ਹੈ। ਪਤਾ ਨਹੀਂ ਕਿੰਨੇ ਹੀ ਰਸਾਇਣਿਕ ਖਾਦ ਵੱਧ ਉਪਜ ਲਈ ਖੇਤਾਂ ਵਿੱਚ ਪਾਏ ਜਾ ਰਹੇ ਹਨ। ਨਿਰਾਂ ਇਕ ਤਰ੍ਹਾਂ ਨਾਲ ਜ਼ਹਿਰ ਹੈ।ਅੱਜ ਲੋਕ ਕੈਂਸਰ ਵਰਗੀ ਨਾਮੁਰਾਦ ਬਿਮਾਰੀਆਂ ਦੇ ਸ਼ਿਕਾਰ ਹੋ ਚੁੱਕੇ ਹਨ। ਫੇਫੜੇ ਦਿਲ ਦੇ ਰੋਗਾਂ ਦੇ ਮਰੀਜ਼ ਲਗਾਤਾਰ ਵਧਦੇ ਜਾ ਰਹੇ ਹਨ। ਛੋਟੀ ਛੋਟੀ ਉਮਰ ਦੇ ਬੱਚੇ ਕੈਂਸਰ ਨਾਲ ਪੀੜਤ ਹਨ। ਹੁਣ ਤਾਂ ਪਸ਼ੂਆਂ ਵਿੱਚ ਵੀ ਇਹ ਨਾਮੁਰਾਦ ਬਿਮਾਰੀ ਪਾਈ ਜਾ ਰਹੀ ਹੈ। ਦੇਖੋ ਅਸੀਂ ਪਸ਼ੂਆਂ ਦਾ ਦੁੱਧ ਪੀਂਦੇ ਹਨ ,ਉਹ ਦੁੱਧ ਸਾਡੇ ਲਈ ਕਿੰਨਾ ਘਾਤਕ ਹੋ ਸਕਦਾ ਹੈ।ਪੌਣ-ਪਾਣੀ ਸਭ ਕੁੱਝ ਜ਼ਹਿਰੀਲਾ ਹੋ ਚੁੱਕਿਆ ਹੈ। ਫੈਕਟਰੀਆਂ ਦੀ ਰਹਿਦ ਖੂੰਹਦ ਨੂੰ ਦਰਿਆਵਾਂ ਵਿੱਚ ਸੁੱਟ ਕੇ ਕੁਦਰਤੀ ਬਨਸਪਤੀ ਨੂੰ ਵੀ ਪ੍ਰਭਾਵਿਤ ਕੀਤਾ ਗਿਆ ਹੈ। ਹੁਣ ਚੇਤੇ ਕਰਵਾ ਦੇਈਏ ਕਿ ਜਦੋਂ ਲਾਕਡਾਊਨ ਲੱਗਾ ਸੀ ਤਾਂ ਕੁਦਰਤ ਨਵੀਂ ਵਹੁਟੀ ਦੀ ਤਰ੍ਹਾਂ ਸੱਜ ਗਈ ਸੀ।



ਸੰਜੀਵ ਸਿੰਘ ਸੈਣੀ
78889-66168





ਕਿਉਂਕਿ ਜੀਵ-ਜੰਤੂ ਆਜ਼ਾਦ ਸਨ ,ਮਨੁੱਖ ਕੈਦ ਵਿੱਚ ਸੀ । ਘੱਗਰ ਤੋਂ ਲੈ ਕੇ ਬੁੱਢਾ ਨਾਲਾ, ਗੰਗਾ, ਜਮਨਾ ਤੱਕ ਸਾਫ-ਸੁਥਰੇ ਹੋ ਗਏ ਸਨ। ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਵਾਤਾਵਰਣ ਬਹੁਤ ਸਾਫ਼-ਸੁਥਰਾ ਸੀ।ਪਿੱਛੇ ਜਿਹੇ ਉਤਰਾਖੰਡ ਦੇ ਜੋਸ਼ੀਮੱਠ ਵਿਖੇ ਕਈ ਘਰਾਂ ਵਿੱਚ ਤਰੇੜਾਂ ਆਉਣ ਦੀਆਂ ਖ਼ਬਰਾਂ ਅਸੀਂ ਆਮ ਸੁਣੀਆਂ ਸਨ। ਪਹਾੜੀ ਖੇਤਰਾਂ ਵਿੱਚ ਵੀ ਵੱਡੀ ਵੱਡੀ ਇਮਾਰਤਾਂ ਉਸਾਰ ਦਿੱਤੀਆਂ ਗਈਆਂ ਹਨ। 2012 ਵਿਚ ਜੋ ਉਤਰਾਖੰਡ ਵਿੱਚ ਹੜ੍ਹਾਂ ਨਾਲ ਤਬਾਹੀ ਹੋਈ ਸੀ, ਉਹ ਦਿਨ ਯਾਦ ਕਰਕੇ ਅੱਜ ਵੀ ਰੌਂਗਟੇ ਖੜ੍ਹੇ ਹੋ ਜਾਂਦੇ ਹਨ।ਪੈਸੇ ਦੀ ਹੋੜ ਲੱਗੀ ਹੋਈ ਹੈ।ਮਨੁੱਖ ਨੇ ਕੁਦਰਤ ਨਾਲੋਂ ਰਿਸ਼ਤਾ ਤੋੜ ਲਿਆ ਹੈ। ਜਿਸ ਕਰਕੇ ਸਾਨੂੰ ਕੁਦਰਤ ਕਰੋਪੀਆਂ ਜਿਵੇਂ ਭੂਚਾਲ, ਸੁਨਾਮੀ, ਤੂਫ਼ਾਨ, ਗਰਮੀਆਂ ਦੇ ਮੌਸਮ ਵਿਚ ਠੰਡ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲ ਹੀ ਵਿਚ ਵਿਗਿਆਨੀ ਖੋਜ ਮੁਤਾਬਕ ਪੰਜਾਬ ਦਾ ਪਾਣੀ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਕਈ ਹਿੱਸਿਆਂ ਦਾ ਪਾਣੀ ਤਾਂ ਪੀਣ ਯੋਗ ਵੀ ਨਹੀਂ ਰਿਹਾ ਹੈ, ਕਿਉਂਕਿ ਜ਼ਹਿਰੀਲੇ ਤੱਤ ਉਸ ਵਿੱਚ ਆ ਮਿਲੇ ਹਨ ।ਪਿਛਲੇ ਹਫ਼ਤੇ ਹੀ ਖ਼ਬਰ ਪੜ੍ਹੀ ਕਿ ਔਸਤਨ 0.77 ਮੀਟਰ ਤੋਂ 1.59 ਮੀਟਰ ਤੋਂ ਜ਼ਿਆਦਾ ਹੇਠਾਂ ਪਾਣੀ ਚਲਾ ਗਿਆ ਹੈ। ਹਾਲਾਂਕਿ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਵਾਰ-ਵਾਰ ਸਲਾਹ ਦਿੱਤੀ ਜਾ ਰਹੀ ਹੈ ਕਿ ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਦੀ ਬਿਜਾਈ ਕਰੋ। ਪ੍ਰਦੂਸ਼ਣ ਨੂੰ ਖਤਮ ਕਰਨ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਚਲੋ ਕੁਝ ਹੱਦ ਤੱਕ ਤਾਂ ਰਾਹਤ ਮਿਲੇਗੀ । ਪਬਲਿਕ ਵਹੀਕਲਜ਼ ਦੀ ਵਰਤੋਂ ਕਰਨੀ ਚਾਹੀਦੀ ਹੈ। ਅੱਜ ਚਿੰਤਨ ਕਰਨ ਦਾ ਵੇਲਾ ਹੈ। ਮਨੁੱਖਤਾ ਨੂੰ ਬਚਾਉਣ ਲਈ ਅੱਜ ਚੌਗਿਰਦੇ ਦੀ ਸੰਭਾਲ ਬਹੁਤ ਜ਼ਰੂਰੀ ਹੈ। ਤਾਂ ਹੀ ਅਸੀਂ ਪੰਜਾਬ ਨੂੰ ਮੁੜ ਤੋਂ ਹਰਾ ਭਰਿਆ ਤੇ ਸਾਫ਼-ਸੁਥਰਾ ਬਣਾ ਸਕਦੇ ਹਾਂ।

# ਤ੍ਰਿਸ਼ਨਾ 'ਤੇ ਕਾਬੂ ਪਾਉਣਾ ਸਿੱਖੇ ਮਨੁੱਖ

ਦੁੱਖਾਂ ਦੀ ਪੜਚੋਲ ਕੀਤੀ ਜਾਵੇ ਤਾਂ ਤ੍ਰਿਸ਼ਣਾ ਹੀ ਮਨੁੱਖ ਦੇ ਸਭ ਦੁੱਖਾਂ ਦਾ ਮੂਲ ਕਾਰਨ ਸਿੱਧ ਹੋਵੇਗੀ। ਤ੍ਰਿਸ਼ਨਾ ਤੋਂ ਭਾਵ ਹੈ ਧਨ-ਦੌਲਤ ਤੇ ਮਾਣ-ਸਨਮਾਨ ਨੂੰ ਵੱਧ ਤੋਂ ਵੱਧ ਮਾਤਰਾ ਵਿਚ ਆਪਣੇ ਅਤੇ ਆਪਣੇ ਸੱਜਣਾਂ-ਮਿੱਤਰਾਂ ਲਈ ਸਮੇਟਣਾ। ਇਹ ਤਾਂ ਸਿੱਧੀ ਮੂਰਖਤਾ ਹੈ ਪਰ ਫਿਰ ਵੀ ਲੋਕ ਇਸ ਨੂੰ ਅਕਲਮੰਦੀ ਜਾਂ ਕਾਮਯਾਬੀ ਮੰਨ ਕੇ ਅੰਦਰ ਹੀ ਅੰਦਰ ਪ੍ਰਸੰਨ ਹੁੰਦੇ ਰਹਿੰਦੇ ਹਨ। ਮਹਾਭਾਰਤ ਵਿਚ ਅਰਜਨ ਦੇ ਸਾਹਮਣੇ ਬਦਲ ਹੁੰਦਾ ਹੈ ਕਿ ਉਹ ਭਗਵਾਨ ਸ੍ਰੀਕ੍ਰਿਸ਼ਨ ਜਾਂ ਉਨ੍ਹਾਂ ਦੀ ਵਿਸ਼ਾਲ ਸੈਨਾ 'ਚੋਂ ਕਿਸੇ ਇਕ ਦੀ ਚੋਣ ਕਰੇ ਤਾਂ ਉਸ ਨੇ ਸਿਰਫ਼ ਸ੍ਰੀਕ੍ਰਿਸ਼ਨ ਦੀ ਛਤਰ-ਛਾਇਆ ਅਤੇ ਮਾਰਗਦਰਸ਼ਨ ਮੰਗਿਆ। ਇਸ ਦਾ ਮਤਲਬ ਇਹੀ ਹੈ ਕਿ ਜੇ ਮਨੁੱਖ ਨੂੰ ਪ੍ਰਭੂ ਦੀ ਪ੍ਰਾਪਤੀ ਹੋ ਜਾਵੇ ਤਾਂ ਉਸ ਦੀਆਂ ਅਨੰਤ ਇੱਛਾਵਾਂ ਦਾ ਅੰਤ ਹੋ ਸਕਦਾ ਹੈ। ਨਹੀਂ ਤਾਂ ਇੱਛਾਵਾਂ-ਉਮੀਦਾਂ ਦੀ ਕੋਈ



**ਲੋੜੋਂ ਵੱਧ 'ਤੇ ਦਾਅਵੇਦਾਰੀ ਦੂਜਿਆਂ ਦੇ ਹਿੱਤਾਂ 'ਚ ਸੰਨ੍ਹਮਾਰੀ ਵਾਂਗ ਹੈ। ਗ਼ੈਰ-ਜ਼ਰੂਰੀ ਵਸਤਾਂ ਤੇ ਧਨ-ਦੌਲਤ ਇਕੱਠੀ ਕਰਨ ਨਾਲ ਅਨੇਕ ਔਗੁਣ ਉਤਪੰਨ ਹੁੰਦੇ ਹਨ ਤੇ ਭੈੜੀਆਂ ਵਾਦੀਆਂ ਪੈ ਜਾਂਦੀਆਂ ਹਨ। ਇਸ ਕਾਰਨ ਮਨੁੱਖ ਜੀਵਨ ਪੰਧ ਤੋਂ ਭਟਕ ਜਾਂਦਾ ਹੈ।**

ਹੱਦ ਨਹੀਂ ਰਹੇਗੀ ਜੋ ਤ੍ਰਿਸ਼ਨਾ ਦਾ ਕਾਰਨ ਬਣਨਗੀਆਂ। ਜਦ ਸੂਰਜ ਚੜ੍ਹਦਾ ਹੈ ਤਦ ਸਾਰੇ ਤਾਰੇ ਲੋਪ ਹੋ ਜਾਂਦੇ ਹਨ। ਇਸੇ ਤਰ੍ਹਾਂ ਜੇ ਅਸੀਂ ਪ੍ਰਭੂ ਪ੍ਰਾਪਤੀ ਵਿਚ ਹੀ ਆਪਣੀਆਂ ਸਾਰੀਆਂ ਇੱਛਾਵਾਂ ਨੂੰ ਸਮਰਪਿਤ-ਸ਼ਾਮਲ ਕਰ ਦੇਈਏ ਤਾਂ ਸਾਡੀਆਂ ਇੱਛਾਵਾਂ ਅਤੇ ਉਨ੍ਹਾਂ ਨਾਲ ਨੱਥੀ ਚਿੰਤਾਵਾਂ ਆਪਣੇ-ਆਪ ਹੀ ਸਮਾਪਤ ਹੋ ਜਾਣਗੀਆਂ ਕਿਉਂਕਿ ਪਰਮਾਤਮਾ ਤਾਂ ਸਾਰੀਆਂ ਸਿੱਧੀਆਂ ਅਤੇ ਧਨ-ਦੌਲਤਾਂ ਦਾ ਭੰਡਾਰ ਹੈ। ਉਸ ਨੂੰ ਭਲੀਭਾਂਤ ਪਤਾ ਹੈ ਕਿ ਕੌਣ ਕਿੰਨਾ ਸੁਯੋਗ-ਪਾਤਰ ਹੈ ਅਤੇ ਕਦੋਂ ਕਿਸ ਨੂੰ ਕੀ ਅਤੇ ਕਿੰਨੀ ਮਾਤਰਾ ਵਿਚ ਪ੍ਰਦਾਨ ਕਰਨਾ ਹੈ। ਇਸ ਲਈ ਸੰਜਮ ਰੱਖਣ ਵਿਚ ਹੀ ਭਲਾਈ ਹੈ। ਵਿਵਹਾਰਕ ਦ੍ਰਿਸ਼ਟੀਕੋਣ ਨਾਲ ਵੀ ਦੇਖੀਏ ਤਾਂ ਹਰ ਮਨੁੱਖ ਇਕ ਨਿਸ਼ਚਤ ਮਾਤਰਾ ਵਿਚ ਹੀ ਭੋਜਨ ਕਰਦਾ ਹੈ ਅਤੇ ਉਸ ਨੂੰ ਸੀਮਤ ਮਾਤਰਾ ਵਿਚ ਹੀ ਕੱਪੜਿਆਂ ਦੀ ਵੀ ਜ਼ਰੂਰਤ ਹੁੰਦੀ ਹੈ। ਇਸ ਦੇ ਬਾਵਜੂਦ ਵੱਧ ਤੋਂ ਵੱਧ ਹਾਸਲ ਕਰਨ ਦੀ ਮਿਰਗਤ੍ਰਿਸ਼ਨਾ ਦੇ ਪਿੱਛੇ ਭੱਜਦੇ-ਭੱਜਦੇ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਈਸ਼ਵਰ ਨੇ ਸੰਸਾਰ ਵਿਚ ਜੋ ਵੀ ਸ਼ਾਨਦਾਰ ਉਤਪਤੀ ਕੀਤੀ ਹੈ, ਉਹ ਇਸ ਲਈ ਹੈ ਕਿ ਸਾਰੇ ਜੀਵ ਉਸ ਵਿੱਚੋਂ ਆਪੋ-ਆਪਣੀ ਲੋੜ ਪੂਰੀ ਕਰ ਸਕਣ। ਸੋ, ਲੋੜੋਂ ਵੱਧ 'ਤੇ ਦਾਅਵੇਦਾਰੀ ਦੂਜਿਆਂ ਦੇ ਹਿੱਤਾਂ 'ਚ ਸੰਨ੍ਹਮਾਰੀ ਵਾਂਗ ਹੈ। ਗ਼ੈਰ-ਜ਼ਰੂਰੀ ਵਸਤਾਂ ਤੇ ਧਨ-ਦੌਲਤ ਇਕੱਠੀ ਕਰਨ ਨਾਲ ਅਨੇਕ ਔਗੁਣ ਉਤਪੰਨ ਹੁੰਦੇ ਹਨ ਤੇ ਭੈੜੀਆਂ ਵਾਦੀਆਂ ਪੈ ਜਾਂਦੀਆਂ ਹਨ। ਇਸ ਕਾਰਨ ਮਨੁੱਖ ਜੀਵਨ ਪੰਧ ਤੋਂ ਭਟਕ ਜਾਂਦਾ ਹੈ। ਸੋ, ਤ੍ਰਿਸ਼ਨਾ ਨੂੰ ਨੱਥ ਪਾਉਣਾ ਹੀ ਸਭ ਤੋਂ ਅਸਰਦਾਰ ਉਪਾਅ ਹੈ।

# ਪਿਆਜ਼ ਜ਼ਿਆਦਾ ਮਾਤਰਾ 'ਚ ਲੈਣ ਨਾਲ ਨਹੀਂ ਹੁੰਦੀਆਂ ਬਿਮਾਰੀਆਂ



ਪਿਆਜ਼ ਭਾਵ ਗੰਢਾ ਆਪਣੇ ਅੰਦਰ ਅਨੇਕਾਂ ਗੁਣ ਸਮੋਈ ਬੈਠਾ ਹੈ। ਵਿਟਾਮਿਨ- ਸੀ, ਵਿਟਾਮਿਨ- ਬੀ 6, ਫਾਈਬਰ, ਮੌਲੀਬਿਡਨਮ, ਮੈਂਗਨੀਜ਼, ਫੋਲੇਟ, ਪੋਟਾਸ਼ੀਅਮ ਅਤੇ ਟਰਿਪਟੋਫੈਨ



ਨਾਲ ਭਰਪੂਰ ਗੰਢਾ 5000 ਸਾਲ ਪਹਿਲਾਂ ਤੋਂ ਉਗਾਇਆ ਜਾ ਰਿਹਾ ਹੈ। ਗੰਢੇ ਵਿਚਲੇ ਫ਼ਾਇਦੇਮੰਦ ਫਲੇਵੋਨਾਇਡ ਇਸਦੀਆਂ ਬਾਹਰਲੀਆਂ ਪਰਤਾਂ ਵਿੱਚ ਹੁੰਦੇ ਹਨ। ਇਸੇ ਲਈ ਪਿਆਜ਼ ਨੂੰ ਛਿੱਲਣ ਲੱਗਿਆਂ ਇਹ ਧਿਆਨ ਰੱਖਣ ਦੀ ਲੋੜ ਹੈ ਕਿ ਪਿਆਜ਼ ਦਾ ਬਾਹਰਲਾ ਪਤਲਾ ਛਿੱਲੜ ਹੀ ਲਾਹਿਆ ਜਾਵੇ ਨਾ ਕਿ ਬਾਹਰਲੀ ਪਰਤ ਵੀ ਨਾਲ ਹੀ ਸੁੱਟ ਦਿੱਤੀ ਜਾਵੇ।

- ਪਿਆਜ਼ 'ਚ ਪੌਲੀਫਿਨੋਲ ਭਰਪੂਰ ਮਾਤਰਾ




'ਚ ਹੁੰਦਾ ਹੈ ਅਤੇ ਬਾਕੀ ਸਬਜ਼ੀਆਂ ਨਾਲੋਂ ਕਿਤੇ ਵੱਧ ਹੈ। ਗੰਢਿਆਂ ਵਿੱਚੋਂ ਫ਼ਾਇਦਾ ਲੈਣ ਲਈ ਇਸ ਦੀ ਵਰਤੋਂ ਬਾਰੇ ਪਤਾ ਹੋਣਾ ਜ਼ਰੂਰੀ ਹੈ। ਜਦੋਂ ਸੂਪ ਬਣਾਉਣ ਲਈ ਗੰਢੇ ਵਰਤੇ ਜਾ ਰਹੇ ਹੋਣ ਤਾਂ ਮੱਧਮ ਅੱਗ 'ਤੇ ਹੀ ਪਕਾਏ ਜਾਣੇ ਚਾਹੀਦੇ ਹਨ। ਇਸ ਤਰ੍ਹਾਂ ਪਿਆਜ਼ 'ਚ ਐਂਟੀ-ਆਕਸੀਡੈਂਟ ਕੁਐਰਸੈਟਿਨ (ਫਲੇਵੋਨਾਇਡ) ਆਪਣੇ ਕੁਦਰਤੀ ਰੂਪ ਵਿੱਚ ਹੀ ਪਾਣੀ ਵਿੱਚ ਬਾਹਰ ਆ ਜਾਂਦਾ ਹੈ ਜਿਸ ਨਾਲ ਸੂਪ ਰਾਹੀਂ ਪੂਰਾ ਫ਼ਾਇਦਾ ਲਿਆ ਜਾ ਸਕਦਾ ਹੈ। ਤੇਜ਼ ਅੱਗ ਨਾਲ ਇਹ ਫਲੇਵੋਨਾਇਡ ਖ਼ਰਾਬ ਹੋ ਜਾਂਦਾ ਹੈ ਅਤੇ ਇਨ੍ਹਾਂ ਦਾ ਅਸਰ ਘਟ ਜਾਂਦਾ ਹੈ।

- ਸਬਜ਼ੀਆਂ 'ਚ ਤੜਕਾ ਲਾਉਣ ਲੱਗਿਆਂ ਵੀ ਸੱਤ ਮਿੰਟ ਤੋਂ ਜ਼ਿਆਦਾ ਸਮੇਂ ਤਕ ਪਿਆਜ਼ ਨਹੀਂ ਭੁੰਨਿਆ ਜਾਣਾ ਚਾਹੀਦਾ। ਇੱਕ ਚੌਥਾਈ ਇੰਚ ਚੌੜੇ ਜਾਂ ਇਸ ਤੋਂ ਵੀ ਛੋਟੇ ਕੱਟੇ ਹੋਏ ਪਿਆਜ਼ਾਂ ਨੂੰ ਮੱਧਮ ਅੱਗ ਉੱਤੇ 5 ਮਿੰਟ ਭੁੰਨਣ ਨਾਲ ਉਸ ਵਿਚਲੇ ਫਲੇਵੋਨਾਇਡ ਦਾ ਪੂਰਾ ਫ਼ਾਇਦਾ ਲਿਆ ਜਾ ਸਕਦਾ ਹੈ। ਤੜਕੇ ਨੂੰ ਸਾੜ ਕੇ ਖਾਣਾ ਸੁਆਦ ਭਾਵੇਂ ਬਣਾ ਲਵੋ ਪਰ ਉਸ ਵਿੱਚੋਂ ਫ਼ਾਇਦੇਮੰਦ ਚੀਜ਼ਾਂ ਦਾ ਸਫ਼ਾਇਆ ਹੋ ਜਾਂਦਾ ਹੈ। ਗੰਢਾ ਸਲਫਰ ਭਰਪੂਰ ਹੁੰਦਾ ਹੈ, ਜਿਸ ਨਾਲ ਇਸ ਵਿੱਚੋਂ ਤਿੱਖੀ ਖ਼ੁਸ਼ਬੋ ਨਿਕਲਦੀ ਹੈ। ਪਿਆਜ਼ ਦੇ ਕੁਝ ਫ਼ਾਇਦੇ ਹੇਠ ਲਿਖੇ ਹਨ:
- ਦਿਲ ਵਾਸਤੇ ਗੰਢੇ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਚੁੱਕੇ ਹਨ ਕਿਉਂਕਿ ਇਹ ਕੈਲੈਸਟਰੋਲ ਘਟਾਉਂਦੇ ਹਨ ਅਤੇ ਪਲੇਟਲੈਟ ਸੈੱਲਾਂ ਨੂੰ ਆਪਸ ਵਿੱਚ ਜੋੜ ਕੇ ਨਾੜੀਆਂ ਵਿੱਚ ਰੁਕਾਵਟ ਪਾਉਣ ਤੋਂ ਰੋਕਦੇ ਹਨ। ਇਸ ਨਾਲ ਦਿਲ ਦਾ ਦੌਰਾ ਪੈਣ ਤੋਂ ਬਚਾਅ ਹੋ ਜਾਂਦਾ ਹੈ। ਇਹ ਅਸਰ ਪਿਆਜ਼ਾਂ ਵਿਚਲੇ ਫਲੇਵੋਨਾਇਡ ਸਦਕਾ ਹੁੰਦਾ ਹੈ।
- ਇਨਸਾਨਾਂ ਵਿੱਚ ਹੋਈ ਖੋਜ ਨੇ ਸਾਬਤ ਕੀਤਾ ਹੈ ਕਿ ਪਿਆਜ਼ ਹੱਡੀਆਂ ਨੂੰ ਮਜ਼ਬੂਤ ਕਰਦੇ ਹਨ। ਅੱਜਕੱਲ੍ਹ 'ਬੋਨ ਡੈਨਸਿਟੀ' ਦਾ ਬਹੁਤ ਰੌਲਾ ਪਿਆ ਹੋਇਆ ਹੈ ਅਤੇ ਉਸ ਵਾਸਤੇ ਕਈ ਟੈਸਟ ਕੀਤੇ ਜਾ ਰਹੇ ਹਨ। ਇਨ੍ਹਾਂ ਟੈਸਟਾਂ ਰਾਹੀਂ ਹੱਡੀਆਂ ਦੇ ਕਮਜ਼ੋਰ ਹੋਣ ਬਾਰੇ ਪਤਾ ਲਗਾਇਆ ਜਾਂਦਾ ਹੈ। ਮਾਹਵਾਰੀ ਬੰਦ ਹੋਣ ਤੋਂ ਬਾਅਦ ਔਰਤਾਂ ਦੀਆਂ ਹੱਡੀਆਂ ਛੇਤੀ ਕਮਜ਼ੋਰ ਹੋ ਜਾਂਦੀਆਂ ਹਨ। ਲਗਾਤਾਰ ਪਿਆਜ਼ ਖਾਂਦੇ ਰਹਿਣ ਨਾਲ ਹੱਡੀਆਂ ਦੀ ਘਣਤਾ ਠੀਕ ਰਹਿੰਦੀ ਹੈ। ਰੋਜ਼ ਪਿਆਜ਼ ਖਾਣ ਨਾਲ ਪੱਟ ਦੀ ਹੱਡੀ ਜਾਂ ਚੂਲੇ ਦੀ ਹੱਡੀ ਟੁੱਟਣ ਦਾ ਖ਼ਤਰਾ ਵੀ ਘਟ ਜਾਂਦਾ ਹੈ। ਜੇ ਕਦੇ-ਕਦਾਈਂ ਜਾਂ ਬਹੁਤ ਥੋੜ੍ਹਾ ਗੰਢਾ ਰੋਜ਼ ਖਾਧਾ ਜਾਵੇ ਤਾਂ ਹੱਡੀ ਟੁੱਟਣ ਦਾ ਖ਼ਤਰਾ ਬਰਕਰਾਰ ਰਹਿੰਦਾ ਹੈ। ਵਾਧੂ ਸਲਫਰ ਹੋਣ ਸਦਕਾ ਪਿਆਜ਼ 'ਕੋਨੈਕਟਿਵ ਟਿਸ਼ੂ' ਨੂੰ ਵੀ ਸਿਹਤਮੰਦ ਰੱਖਦੇ ਹਨ।
- ਜੋੜਾਂ ਦੇ ਦਰਦ ਅਤੇ ਦਮੇ ਦੇ ਰੋਗ ਵਿੱਚ ਪਿਆਜ਼ ਫ਼ਾਇਦੇਮੰਦ ਸਾਬਤ ਹੋਏ ਹਨ। ਇਸ ਵਾਸਤੇ ਗੰਢੇ ਨੂੰ ਭੰਨ ਕੇ ਉਸ ਦੇ ਵਿਚਕਾਰਲੇ ਨਰਮ ਹਿੱਸੇ ਨੂੰ ਵਰਤਣ ਦੀ ਲੋੜ ਹੈ, ਜਿਸ ਨਾਲ ਸਰੀਰ ਅੰਦਰਲੇ ਬਿਮਾਰੀਆਂ ਨਾਲ ਲੜਨ ਵਾਲੇ ਸੈੱਲਾਂ ਦੀ ਤਾਕਤ ਵਧ ਜਾਂਦੀ ਹੈ। ਥਿੰਦੇ ਵਾਲੇ ਏਸਿਡ (ਫੈਟੀ ਏਸਿਡ) ਵੀ ਘਟ ਜਾਂਦੇ ਹਨ।
- ਖੋਜਾਂ ਅਨੁਸਾਰ ਕੁਝ ਕਿਸਮ ਦੇ ਕੈਂਸਰ ਖ਼ਾਸ ਕਰਕੇ ਅੰਤੜੀਆਂ, ਅੰਡਕੋਸ਼ ਅਤੇ ਲੈਰਿੰਜੀਅਲ (ਗਲੇ) ਕੈਂਸਰ ਦਾ ਖ਼ਤਰਾ ਘਟ ਜਾਂਦਾ ਹੈ, ਬਸ਼ਰਤੇ ਕਿ ਹਫ਼ਤੇ ਵਿੱਚ ਘੱਟੋ-ਘੱਟ ਚਾਰ ਦਿਨ ਪਿਆਜ਼ ਖਾਧਾ ਜਾਵੇ। ਭੋਜਨ ਨਾਲੀ ਦਾ ਕੈਂਸਰ ਅਤੇ ਮੂੰਹ ਦੇ ਕੈਂਸਰ ਦਾ ਖ਼ਤਰਾ ਰੋਜ਼ਾਨਾ ਦੋ ਵਾਰ ਗੰਢਾ ਖਾਣ ਨਾਲ ਘਟਣ ਦੇ ਆਸਾਰ ਹਨ। ਇੱਕ ਆਮ ਵਿਚਕਾਰਲੇ ਮੇਲ ਦਾ ਪੂਰਾ ਗੰਢਾ ਇੱਕ ਵੇਲੇ ਖਾਣ ਨਾਲ ਹੀ ਕੋਈ ਅਸਰ ਵੇਖਿਆ ਜਾ ਸਕਦਾ ਹੈ, ਨਾ ਕਿ ਇਕ ਅੱਧ ਫਾੜੀ ਸਲਾਦ ਵਿੱਚ।

ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਕ੍ਰਿਸ਼ਨਾ ਨਗਰ ਤੋਂ ਕਲਿਆਣੀ...




ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

16 ਦਸੰਬਰ 1971 ਦਾ ਵਾਕਿਆ ਹੈ। ਸਾਡੀ ਪਲਟਨ 14 ਪੰਜਾਬ (ਨਾਭਾ ਅਕਾਲ) ਖੁਲਨੇ ਦੇ ਨਜ਼ਦੀਕ ਚੰਦਨੀ ਨਗਰ ਵਿੱਚ ਪੁੱਜ ਚੁੱਕੀ ਸੀ। ਮੈਂ ਤੇ ਸੂਬੇਦਾਰ ਮੇਜਰ ਅਮਰਜੀਤ ਸਿੰਘ ਸਾਹਿਬ ਬੀ. ਸ਼ਲਾਂਗ ਤੋਂ ਜੁਆਨਾਂ ਦਾ ਖਾਣਾ ਲੈ ਕੇ ਜਾ ਰਹੇ ਸਾਂ। ਬੰਗਲਾ ਦੇਸ਼ ਵਿਚੱ ਨਦੀਆਂ ਨਾਲੇ ਤੇ ਦਰਿਆ ਆਦਿਕ ਬਹੁਤ ਹਨ। ਅਸੀਂ ਛੋਟੀਆਂ ਬੇੜੀਆਂ ਵਿੱਚ ਬੈਠ ਕੇ ਦਰਿਆ ਪਾਰ ਕਰ ਰਹੇ ਸਾਂ। ਬੇੜੀਆਂ ਵੀ ਕਾਹਦੀਆਂ ਸਨ ਤਾੜੀ ਦੇ ਜਾਂ ਸ਼ਾਇਦ ਨਾਰੀਅਲ ਦੇ ਰੁੱਖ ਕੱਟ ਕੇ ਬਣਾਈਆਂ ਹੋਈਆਂ ਸਨ। ਇਨ੍ਹਾਂ ਵਿੱਚ ਇੱਕੋ ਸਮੇਂ ਦੋ ਬੰਦਿਆਂ ਤੋਂ ਵੱਧ ਨਹੀਂ ਸੀ ਬੈਠਿਆ ਜਾਂਦਾ। ਛੋਟੇ ਹਥਿਆਰਾਂ ਦਾ ਫਾਇਰ ਸਾਡੇ ਉਪਰ ਆ ਰਿਹਾ ਇੰਜ ਜਾਪਦਾ ਸੀ ਕਿ ਦੁਸ਼ਮਣ ਪੰਜਾਹ ਸੱਠ ਗਜ਼ ਦੇ ਫ਼ਾਸਲੇ ਉਪਰ ਹੋਵੇਗਾ। ਦਰੱਖਤਾਂ ਦੇ ਝੁੰਡ ਵਿੱਚੋਂ ਕੋਈ ਪਤਾ ਨਹੀਂ ਸੀ ਚੱਲ ਰਿਹਾ। ਪਾਣੀ ਵਿੱਚ ਦੋ ਦੋ ਚਾਰ ਗਜ਼ ਉਪਰ ਗੋਲੀਆਂ ਡਿੱਗ ਰਹੀਆਂ ਸਨ। ਮੈਨੂੰ ਜਾਪਿਆ ਜਿਵੇਂ "ਚਉਗਿਰਦ ਹਮਾਰੇ ਰਾਮ ਕਾਰ ਦੁਖੁ ਲਗੈ ਨ ਭਾਈ" ਸਤਿਗੁਰੂ ਜੀ ਕੋਈ ਕਲਾ ਵਰਤਾ ਰਹੇ ਹਨ। ਦਰਿਆ ਪਾਰ ਕੀਤਾ ਤਾਂ ਡੈਲਟਾ ਕੰਪਨੀ ਦੇ ਕਮਾਂਡਰ ਕੈਪਟਨ (ਹੁਣ ਰਿਟਾਇਰਡ ਕਰਨਲ) ਬਲਵੀਰ ਸਿੰਘ ਜੀ ਅੱਗੋਂ ਲੈਣ ਆਏ ਹੋਏ ਸਨ। ਸ਼ਾਮਾਂ ਦਾ ਘੁਸ ਮੁਸਾ ਹੋ ਰਿਹਾ ਸੀ। ਅਸੀਂ ਦੋਵੇਂ ਜਣੇ ਰਸਤੇ ਦੀ ਭਾਲ ਕਰ ਰਹੇ ਸਾਂ, ਜਿੱਥੋਂ ਆਸਾਨੀ ਨਾਲ ਗੱਡੀ ਵਿੱਚ ਲਿਆਂਦਾ ਲੰਗਰ ਰੱਖ ਕੇ ਪਲਟਨ ਤੱਕ ਪੁਜੱ ਸਕੀਏ। ਇੱਥੇ ਵੀ ਲੋਹੜੇ ਦਾ ਸਮਾਲ ਆਰਮਰਜ਼ ਦਾ ਫਾਇਰ ਸਾਡੇ ਉਪਰ ਆ ਰਿਹਾ ਸੀ। ਬਲਵੀਰ ਸਿੰਘ ਸਾਹਿਬ ਸਵਾ ਛੇ ਫੁੱਟ ਉਚੇ ਜਵਾਨ ਇੱਕ ਗੋਲੀ ਉਨ੍ਹਾਂ ਦੀ ਪੱਗ ਨਾਲ ਖਹਿ ਕੇ ਲੰਘੀ ਪਰ ਸਤਿਗੁਰੂ ਜੀ ਨੇ ਸਾਨੂੰ ਹੱਥ ਦੇ ਕੇ ਰੱਖ ਲਿਆ।

ਖੁਲਨਾ ਬੰਗਲਾ ਦੇਸ਼ ਦੀ ਇੱਕ ਬੰਦਰਗਾਹ ਹੈ। ਇਹ ਢਾਕੇ ਤੋਂ ਬਾਅਦ ਦੂਸਰਾ ਸ਼ਹਿਰ ਹੈ, ਜਿੱਥੇ ਪਾਕਿਸਤਾਨੀ ਫੌਜਾਂ ਨੇ ਸਾਡੇ ਮੇਜਰ ਜਨਰਲ ਦਲਬੀਰ ਸਿੰਘ ਨੌ ਡਿਵੀਜ਼ਨ ਦੇ ਕਮਾਂਡਰ ਅੱਗੇ ਹਥਿਆਰ ਸੁੱਟੇ। ਇਹ ਮੰਜ਼ਰ ਮੈਂ ਆਪ ਇੱਕ ਜੂਟ ਮਿੱਲ ਦੇ ਉਪਰ ਚੜ੍ਹ ਕੇ ਵੇਖਿਆ ਜਿਥੇ ਬੜੀ ਵੱਡੀ ਮਿੱਲ ਵਿੱਚ ਪਾਕਿਸਤਾਨ ਦੇ ਜਵਾਨਾਂ ਸਣੇ ਅਫ਼ਸਰ ਘਿਰੇ ਹੋਏ ਸਨ। ਸਾਡੇ ਹਵਾਈ ਜਹਾਜ਼ ਉਪਰ ਘੁੰਮ ਰਹੇ ਸਨ। ਦੁਸ਼ਮਣ ਦੇ ਫੁੰਡੇ ਜਾ ਚੁੱਕੇ ਸਨ। ਜਹਾਜ਼ ਇਸ਼ਤਿਹਾਰ ਸੁੱਟ ਰਿਹਾ ਸੀ ਕਿ ਤੁਹਾਡੀ ਸਾਰੀ ਸਪਲਾਈ ਕੱਟੀ ਜਾ ਚੁੱਕੀ ਹੈ। ਤੁਹਾਡੀ ਮਦਦ ਲਈ ਹੁਣ ਕੋਈ ਨਹੀਂ ਆ ਸਕਦਾ। ਸਾਡੀਆਂ ਫੌਜਾਂ ਨੂੰ ਹੁਕਮ ਸੀ ਉਪਰੋਂ ਕਿ ਤੋਪਾਂ ਦੇ ਗੋਲੇ ਨਹੀਂ ਦਾਗਣੇ ਤਾਂ ਜੋ ਕਿੱਧਰੇ ਪਟਸਨ ਦੀਆਂ ਮਿੱਲਾਂ ਨਾ ਸੜ ਜਾਣ। (ਜਵਾਨ ਭਾਵੇਂ ਸ਼ਹੀਦ ਹੋ ਜਾਣ) ਸਾਡੀ ਪਲਟਨ ਦੀਆਂ ਦੋ ਕੰਪਨੀਆਂ ਬਰੇਵੋ ਤੇ ਡੈਲਟਾ (ਡੀ) ਨੂੰ ਹੁਕਮ ਹੋਇਆ ਕਿ ਚਾਰ ਵਜੇ ਦਰਿਆ ਪਾਰ ਕਰਕੇ ਮਿੱਲ ਤੇ ਅਟੈਕ ਕਰਨਾ ਹੈ। ਸਾਫ਼ ਸੀ ਕਿ ਸਾਡਾ ਬਹੁਤ ਨੁਕ-ਸਾਨ ਹੋਵੇਗਾ। ਕਿਉਂ ਕਿ ਦੁਸ਼ਮਣ ਤੇ ਮਹਿਫੂਜ਼ ਬੈਂਕਰਾਂ ਵਿੱਚ ਬੈਠਾ ਸੀ ਤੇ ਅਸੀਂ ਬੇੜੀਆਂ ਰਾਹੀਂ ਦਰਿਆ ਪਾਰ ਕਰਕੇ ਹਮਲਾ ਕਰਨਾ ਸੀ। ਉਨ੍ਹਾਂ ਨੇ ਭੁੰਨ ਦੇਣਾ ਸੀ ਸਭ ਨੂੰ ਇਸ ਗੱਲ ਦਾ ਪਤਾ ਸੀ ਜਵਾਨਾਂ ਨੂੰ ਵੀ। ਸੋ ਜੋ ਕੁਝ ਉਨ੍ਹਾਂ ਦੇ ਕੋਲ ਸੀ ਉਨ੍ਹਾਂ ਮੈਨੂੰ ਲਿਸਟਾਂ ਬਣਾਕੇ ਦੇਣਾ ਸ਼ੁਰੂ ਕਰ ਦਿੱਤਾ ਕਿ ਸਾਡੇ ਘਰੀ ਪਹੁੰਚਾ ਦਿਓ। ਸ਼ਾਮ ਨੂੰ ਚਾਰ ਵਜੇ ਅਟੈਕ ਕਰਨਾ ਸੀ। ਤਿੰਨ ਵਜੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਕੰਪਨੀਆਂ ਜਾਣ ਲਈ ਤਿਆਰ ਸਨ ਕਿ ਜੂਟ ਮਿਲ ਉੱਤੇ ਪਾਕਿਸਤਾਨ ਵੱਲੋਂ ਚਿੱਟਾ ਝੰਡਾ ਲਹਿਰਾ ਦਿੱਤਾ। ਖੁਸ਼ੀ ਵਿਚੱ ਜਵਾਨਾਂ ਨੇ ਜੈਕਾਰੇ ਛੱਡ ਕੇ ਪਰੂ ਾ ਖੁਲਨਾ ਸ਼ਹਿਰ ਗੁੰਜਾ ਦਿੱਤਾ। ਇੱਕ ਦੂਸਰੇ ਨੂੰ ਵਧਾਈਆਂ ਦਿੱਤੀਆਂ ਜਾਣ ਲੱਗੀਆਂ। ਸੰਨ 1971 ਦੀ ਜੰਗ ਨਿਰਣੇ ਪੂਰਵਕ ਜਿੱਤੀ ਗਈ। ਇਸ ਤੋਂ ਪਹਿਲਾਂ ਹੋਈਆਂ 1962 ਤੇ 1965 ਨਿਰਣੇਜਨਕ ਜਿੱਤਾਂ ਨਹੀ ਸਨ। ਇਸ ਨਾਲ ਬੰਗਲਾ ਦੇਸ਼ ਹੋਂਦ ਵਿੱਚ ਆਇਆ ਤੇ ਪਾਕਿਸਤਾਨ ਦੀ ਆਰਥਿਕਤਾ ਨੂੰ ਡਾਢੀ ਕਾਰੀ ਸੱਟ ਵੱਜੀ। ਇਸ ਲੜਾਈ ਵਿੱਚ ਸਾਡੇ 30 ਜਵਾਨ ਸ਼ਹੀਦ ਹੋਏ। ਜਿਨ੍ਹਾਂ ਦੇ ਮੈਂ ਆਪਣੇ ਹੱਥੀਂ ਸਸਕਾਰ ਕੀਤੇ। ਉਦੋਂ ਤੱਕ ਜ਼ਿੰਦਗੀ ਵਿੱਚ ਦੋ ਲਾਸ਼ਾਂ ਦਾ ਇੱਕਠਿਆਂ ਦਾ ਸਸਕਾਰ ਵੇਖਿਆ ਨਹੀਂ ਸੀ। ਪਰ ਹੁਣ ਨੌ ਨੌ ਜਵਾਨਾਂ ਦਾ ਇੱਕਠਿਆ ਸਸਕਾਰ ਆਪਣੇ ਹੱਥੀਂ ਕੀਤਾ। ਤੀਹਾਂ ਜਵਾਨਾਂ ਦੀਆਂ ਅਸਥੀਆਂ ਮੈਂ ਹਮੇਸ਼ਾਂ ਆਪਣੇ ਨਿੱਕੇ ਜਿਹੇ 40 ਪੌਂਡੇ ਘੋਪੇ (ਛੋਟਾ ਟੈਂਟ) ਵਿੱਚ ਸਤਿਕਾਰ ਨਾਲ ਸਾਂਭ ਕੇ ਰੱਖੀਆਂ ਤੇ ਲੜਾਈ ਖਤਮ ਹੋਣ ਤੋਂ ਬਾਅਦ ਜਦੋਂ ਅਸੀਂ ਰਾਂਚੀ (ਪਹਿਲਾਂ ਬਿਹਾਰ ਤੇ ਹੁਣ ਝਾਰਖੰਡ) ਵਾਪਸ ਆਏ ਤਾਂ ਇਹ ਅਸਥੀਆਂ ਸ਼ਹੀਦ ਪਰਿਵਾਰਾਂ ਦੇ ਘਰੀਂ ਪਹੁੰਚਾਈਆਂ। ਪਰਿਵਾਰਾਂ ਨੂੰ ਇੱਕ ਗੱਲ ਦਾ ਸੰਤੋਖ ਹੋਇਆ ਕਿ ਅਸਾਡੇ ਪਿਆਰਿਆਂ ਦੀਆਂ ਲਾਸ਼ਾਂ ਰੁਲੀਆਂ ਨਹੀਂ। ਮਰਯਾਦਾ ਮੁਤਾਬਿਕ ਉਹਨਾਂ ਦਾ ਅੰਤਮ ਸਸਕਾਰ ਹੋਇਆ ਹੈ।



ਰਾਂਚੀ ਆ ਕੇ ਅਸੀਂ ਸ਼ਹੀਦਾਂ ਨਮਿੱਤ ਅਖੰਡਪਾਠ ਰਖਵਾਇਆ ਕਾਫੀ ਸੰਗਤ ਗੁਰਦੁਆਰਾ ਸਿੰਘ ਸਭਾ ਰਾਂਚੀ ਤੋਂ ਆਈ ਹੋਈ ਸੀ। ਮੈਂ ਲੜਾਈ ਦਾ ਇਤਿਹਾਸ ਸੁਣਾ ਰਿਹਾ ਸਾਂ ਤਾਂ ਗੁਰਦੁਆਰੇ ਦੇ ਪ੍ਰਧਾਨ ਸਰਦਾਰ ਨਿਹਾਲ ਸਿੰਘ ਛੋਟਾ ਨਾਗ-ਪੁਰ ਬਾਡੀ ਬਿਲਡਰਜ਼ ਵਾਲਿਆਂ ਨੇ ਇੱਕ ਚਿੱਟ ਮੈਨੂੰ ਭੇਜੀ ਕਿ ਦਸ ਮਿੰਟ ਸਾਡੀ ਉਡੀਕ ਕਰਿਓ ਤੇ ਲੈਕਚਰ ਜਾਰੀ ਰੱਖੋ। ਸੰਗਤ ਸਿਵਲ ਦੀ ਗੁਰੂ ਘਰੋਂ ਬਾਹਰ ਆਈ ਤੇ ਕੁਝ ਸਮੇਂ ਬਾਅਦ ਅੰਦਰ ਆ ਕੇ ਉਨ੍ਹਾਂ ਮੈਨੂੰ ਫਿਰ ਇੱਕ ਚਿੱਟ ਭੇਜੀ ਕਿ ਸ੍ਰੀ ਗੁਰੂ ਸਿੰਘ ਸਭਾ ਰਾਂਚੀ ਦੀ ਸੰਗਤ ਵੱਲੋਂ ਸ਼ਹੀਦ ਜਵਾਨਾਂ ਲਈ 30 ਹਜ਼ਾਰ ਰੁਪਿਆ ਤੇ ਤੀਹ ਸਿਲਾਈ ਮਸ਼ੀਨਾਂ ਭੇਂਟ ਕੀਤੀਆਂ ਜਾਂਦੀਆਂ ਹਨ। ਇਹ ਨਕਦੀ ਤੇ ਮਸ਼ੀਨਾਂ ਤੇ ਹੋਰ ਮਾਇਆ ਇਕੱਠੀ ਕਰਕੇ ਜਦੋਂ ਪਲਟਨ ਪੰਜਾਬ ਵਿਚੱ ਲੰਬੀ ਦੇ ਕੋਲ ਪਿੰਡ ਸਿੱਖ ਵਾਲਾ ਵਿੱਚ ਠਹਿਰੀ ਹੋਈ ਸੀ ਉਦੋਂ 12 ਮਾਰਚ 1972 ਈ: ਨੂੰ ਦਿੱਤੀਆਂ ਗਈਆਂ। ਸਾਡਾ 9 ਡਿਵੀਜ਼ਨ ਰਾਂਚੀ ਤੋਂ ਪੰਜਾਬ ਵਿੱਚ ਮਲੋਟ ਆ ਗਿਆ। ਚੜ੍ਹਦੇ ਸਾਲ (1972) ਵਿੱਚ ਸਾਡੀ ਪਲਟਨ ਲੰਬੀ ਦੇ ਲਹਿੰਦੇ ਉੱਤਰ ਵਿੱਚ ਸਿੱਖ ਵਾਲੇ ਆ ਗਈ। ਇਹ ਸਾਰਾ ਪਿੰਡ ਸਿਰਫ਼ ਇੱਕ ਦੋ ਘਰਾਂ ਨੂੰ ਛੱਡਕੇ ਰਾਮਗੜ੍ਹੀਆਂ ਦਾ ਹੈ। ਜੋ ਵਾਹੀ ਖੇਤੀ ਕਰਦੇ ਹਨ। ਜਿਵੇਂ 1967 ਵਿੱਚ ਅਸੀਂ ਅਬੋਹਰ ਦੇ ਕੋਲ ਗੋਬਿੰਦਗੜ੍ਹ




ਪਿੰਡ ਦੀ ਨਹਿਰ ਦੇ ਕਿਨਾਰੇ ਕਿਨਾਰੇ ਡੇਰੇ ਲਾਏ ਸਨ। ਇੱਥੇ ਵੀ ਨਹਿਰ ਹੀ ਸੀ। ਪਰ ਗੁਰਦੁਆਰਾ ਇੱਕ ਬੂਟਾ ਸਿੰਘ (ਜੱਟ) ਦੇ ਬਾਗ ਵਿੱਚ ਲਾਇਆ। ਨਾਲ ਹੀ ਦਫ਼ਤਰ ਸਨ। ਮੰਦਰ ਨਹਿਰ ਦੇ ਕਿਨਾਰੇ ਡੈਲਟਾ ਕੰਪਨੀ ਦੇ ਨਾਲ ਸੀ। ਇਥੇ ਵੀ ਸਿਵਲੀਅਨ ਲੋਕਾਂ ਨਾਲ ਬਹੁਤ ਪਿਆਰ ਪੈ ਗਿਆ। ਦੋ ਤਿੰਨ ਪਰਿਵਾਰ ਤਾਂ ਹੁਣ ਤੱਕ ਵਰਤਦੇ ਹਨ। ਇੱਕ ਨਹਿਰੀ ਪਟਵਾਰੀ ਸਨ ਅਜੀਤ ਸਿੰਘ ਸੰਧੂ ਉਸ ਨਾਲ ਤਾਂ ਭਰਾਵਾਂ ਵਰਗਾ ਮੋਹ ਪੈ ਗਿਆ ਸੀ। ਉਸ ਨੇ ਜਦੋਂ ਪੰਜਾਬ ਸੈਂਟਰ ਮੇਰਠ ਵਿੱਚ ਗੁਰਦੁਆਰਾ ਬਣਿਆ ਤਾਂ ਸਾਡੇ ਨਾਲ ਰਲਕੇ ਪਿੰਡਾਂ ਵਿੱਚੋਂ ਮਾਇਆ ਵੀ ਇਕੱਠੀ ਕਰਕੇ ਦਿੱਤੀ। ਇਸਦਾ ਜ਼ਿਕਰ ਮੈਂ ਅਗਾਂਹ ਜਾਕੇ ਕਰਾਂਗਾ। ਇੱਥੇ ਛੋਟੀਆਂ ਛੋਟੀਆਂ ਦੋ ਘਟਨਾਵਾਂ ਦਾ ਜ਼ਿਕਰ ਕਰਾਂਗਾ।

ਫੌਜੀ ਸ਼ਰਾਬ ਦੇ ਸ਼ੁਕੀਨ ਤੇ ਅਕਸਰ ਹੁੰਦੇ ਹੀ ਨੇ। ਪਰ ਸਿਵਲ ਵਾਲਿਆਂ ਤੋਂ ਦੇਸੀ ਸ਼ਰਾਬ ਨਾ ਲੈਣ ਦੀ ਇਸ ਤਰ੍ਹਾਂ ਤਕੜਾਈ ਕੀਤੀ ਜਾਂਦੀ ਹੈ ਕਿ ਖਰੀਦਣ ਵਿੱਚ ਕੋਈ ਮੁਸ਼ਕਲ ਨਾ ਆਵੇ। ਉਸਦੀ ਇੱਕ ਮਿਸਾਲ ਦੇਖੋਂ, "ਸ਼ਾਮ ਨੂੰ ਐਡਜੂਟੈਂਟ ਤੋਂ ਹੁਕਮ ਮਿਲਦਾ ਹੈ ਕਿ ਕਿਸੇ ਸ਼ਰਾਬ ਵੇਚਣ ਵਾਲੇ ਨਾਲ ਕੋਈ ਸਿਪਾਹੀ ਸੰਪਰਕ ਨਾ ਕਰੇ। ਅੱਗਿਓਂ ਹੌਲਦਾਰ ਮੇਜਰ (ਚਾਰੇ ਕੰਪਨੀਆਂ ਦੇ) ਰੋਲ ਕਾਲ ਤੇ ਇਉਂ ਆਰਡਰ ਸੁਣਾਉਂਦਾ ਹੈ," ਸਾਰੇ ਜਵਾਨ ਧਿਆਨ ਨਾਲ ਸੁਣ ਲਓ, ਚਾਰ ਪੰਜ ਵਜੇ ਦੇ ਦੌਰਾਨ ਇੱਕ ਅੱਧ-ਖੜ ਉਮਰ ਦਾ ਬੰਦਾ, ਜਿਸਦੀ ਕਾਲੀ ਕੱਟੀ ਹੋਈ ਦਾਹੜੀ ਹੈ, ਉਮਰ ਚਾਲੀ ਕੁ ਸਾਲ ਹੈ ਲਗਭਗ ਆਮਤੌਰ ਤੇ ਗੁਲਾਬੀ ਪੱਗ ਬੰਨ੍ਹਦਾ ਹੈ। ਉਹ ਸਾਈਕਲ ਉੱਤੇ ਦੁੱਧ ਪਾਉਣ ਵਾਲੀਆਂ ਵੱਡੀਆਂ ਕੈਨੀਆਂ ਵਿੱਚ ਸ਼ਰਾਬ ਲੈ ਕੇ ਪੁੱਲ ਦੇ ਨੇੜੇ ਤੇੜੇ ਫਿਰਦਾ ਹੁੰਦਾ ਹੈ। ਉਹ ਸ਼ਰਾਬ ਵੇਚਦਾ ਹੈ। ਖਬਰਦਾਰ ਜੇ ਕਿਸੇ ਨੇ ਉਸ ਕੋਲੋਂ ਸ਼ਰਾਬ ਲਈ ਤਾਂ।" ਹੁਣ ਵੇਚਣ ਵਾਲੇ ਦਾ ਸਾਰਾ ਹੁਲੀਆ ਟਾਈਮ, ਕਾਹਦੇ ਵਿੱਚ ਸ਼ਰਾਬ ਲਿਆਉਂਦਾ ਹੈ, ਸਭ ਦੱਸ ਦਿੱਤਾ ਹੈ। ਭਲਾ ਪੁੱਛੋ ਕਿ ਹੁਣ ਕੋਈ ਕਿਉਂ ਨਾ ਖਰੀਦੂ? ਭਾਵ ਇਹ ਹੁੰਦਾ ਹੌਲਦਾਰ ਮੇਜਰ ਦਾ ਮੇਰੇ ਪਊਏ ਦਾ ਖਿਆਲ ਰੱਖਿਓ। ਇੱਕ ਹਾਸੇ ਵਾਲੀ ਘਟਨਾ ਪਿੰਡ ਸਿੱਖ ਵਾਲੇ ਹੋਰ ਹੋਈ। ਸਾਡੇ ਐਂਡਜੂਟੈਂਟ ਦਾ ਨਾਮ ਕੈਪਟਨ ਪਰਵੀਨ ਕੁਮਾਰ ਚੌਧਰੀ ਸੀ। ਪਰ ਸਾਰੇ ਉਸਨੂੰ ਪੀ.ਕੇ. ਚੌਧਰੀ ਦੇ ਨਾਮ ਨਾਲ ਬੁਲਾਉਂਦੇ ਸਨ। ਦੁੱਧ ਦੀ ਅਕਸਰ ਹੀ ਜੇ ਸੀ ਓਜ਼ ਤੇ ਅਫ਼ਸਰ ਮੈਸ ਨੂੰ ਲੋੜ ਰਹਿੰਦੀ ਸੀ। ਬਟਾਲੀਅਨ ਹੌਲਦਾਰ ਮੇਜਰ ਸੁਖਦੇਵ ਸਿੰਘ ਸੀ। ਉਸਨੇ ਸਿਪਾਹੀ ਰਣਜੀਤ ਸਿੰਘ ਨੂੰ ਹੁਕਮ ਦਿੱਤਾ ਕਿ ਸ਼ਾਮ ਨੂੰ ਗੁਰਮੇਲ ਦੋਧੀ ਤੋਂ ਦੁੱਧ ਪੁਆਕੇ ਪੀ. ਕੇ. ਚੌਧਰੀ ਸਾਹਿਬ ਨੂੰ ਰਿਪੋਰਟ ਕਰਨੀ ਹੈ। ਸ਼ਾਮ ਨੂੰ ਐਡਜੂਟੈਂਟ ਦੇ ਕੋਲ ਜਾ ਕੇ ਸਲੂਟ ਮਾਰਦੇ ਕਹਿੰਦਾ ਸਾਹਿਬ ਜੀ ਦੁੱਧ ਬਹੁਤ ਹੀ ਵੱਧੀਆ ਤੇ ਗਾੜ੍ਹਾ ਹੈ। ਚੌਧਰੀ ਸਾਹਿਬ ਕਹਿਣ ਲੱਗੇ ਦੂਧ ਕਹਾਂ ਹੈ ਦਿਖਾਓ। ਰਣਜੀਤ ਕਹਿਣ ਲੱਗਾ ਜੀ ਉਹ ਤਾਂ ਮੈਂ ਪੀ ਲਿਆ। ਐਡਜੂਟੈਂਟ ਸਾਹਿਬ ਗੁੱਸੇ ਵਿੱਚ ਆਕੇ ਕਹਿਣ ਲੱਗੇ, ਵੋਹ ਤੋਂ ਹਮ ਨੇ ਚੈਕ ਕਰਨੇ ਕੇ ਲੀਏ ਮੰਗਵਾਇਆ ਥਾ। ਆਪ ਕਿਉਂ ਪੀ ਗਏ। ਰਣਜੀਤ ਭੋਲਾ ਜਿਹਾ ਬਣ ਕੇ ਕਹਿੰਦਾ ਸਾਹਿਬ ਮੈਨੂੰ ਤਾਂ ਭ੍ਹ.. (ਬਟਾਲੀਅਨ ਹੌਲਦਾਰ ਮੇਜਰ) ਸੁਖਦੇਵ ਸਿੰਘ ਨੇ ਕਿਹਾ ਸੀ ਕਿ ਦੁੱਧ ਲੈ ਕੇ ਤੇ ਪੀ. ਕੇ. ਸਾਹਿਬ ਨੂੰ ਰਿਪੋਰਟ ਕਰਨੀ ਹੈ। ਤਾਂ ਪੀਤਾ ਜੀ। ਹੁਣ ਪਰਵੀਨ ਕੁਮਾਰ ਦਾ ਪੀ. ਕੇ. ਹੀ ਬਣੂਗਾ। ਸਾਰੇ ਅਫ਼ਸਰਾਂ ਵਿੱਚ ਹਾਸਾ ਪੈ ਗਿਆ। **ਚਲਦਾ...**

ਸੰਨ 1971 ਦੀ ਜੰਗ ਨਿਰਣੇ ਪੂਰਵਕ ਜਿੱਤੀ ਗਈ। ਇਸ ਤੋਂ ਪਹਿਲਾਂ ਹੋਈਆਂ 1962 ਤੇ 1965 ਨਿਰਣੇਜਨਕ ਜਿੱਤਾਂ ਨਹੀ ਸਨ। ਇਸ ਨਾਲ ਬੰਗਲਾ ਦੇਸ਼ ਹੋਂਦ ਵਿੱਚ ਆਇਆ ਤੇ ਪਾਕਿਸਤਾਨ ਦੀ ਆਰਥਿਕਤਾ ਨੂੰ ਡਾਢੀ ਕਾਰੀ ਸੱਟ ਵੱਜੀ। ਇਸ ਲੜਾਈ ਵਿੱਚ ਸਾਡੇ 30 ਜਵਾਨ ਸ਼ਹੀਦ ਹੋਏ। ਜਿਨ੍ਹਾਂ ਦੇ ਮੈਂ ਆਪਣੇ ਹੱਥੀਂ ਸਸਕਾਰ ਕੀਤੇ। ਉਦੋਂ ਤੱਕ ਜ਼ਿੰਦਗੀ ਵਿੱਚ ਦੋ ਲਾਸ਼ਾਂ ਦਾ ਇੱਕਠਿਆਂ ਦਾ ਸਸਕਾਰ ਵੇਖਿਆ ਨਹੀਂ ਸੀ। ਪਰ ਹੁਣ ਨੌ ਨੌ ਜਵਾਨਾਂ ਦਾ ਇੱਕਠਿਆ ਸਸਕਾਰ ਆਪਣੇ ਹੱਥੀਂ ਕੀਤਾ। ਤੀਹਾਂ ਜਵਾਨਾਂ ਦੀਆਂ ਅਸਥੀਆਂ ਮੈਂ ਹਮੇਸ਼ਾਂ ਆਪਣੇ ਨਿੱਕੇ ਜਿਹੇ 40 ਪੌਂਡੇ ਘੋਪੇ (ਛੋਟਾ ਟੈਂਟ) ਵਿੱਚ ਸਤਿਕਾਰ ਨਾਲ ਸਾਂਭ ਕੇ ਰੱਖੀਆਂ ਤੇ ਲੜਾਈ ਖਤਮ ਹੋਣ ਤੋਂ ਬਾਅਦ ਜਦੋਂ ਅਸੀਂ ਰਾਂਚੀ (ਪਹਿਲਾਂ ਬਿਹਾਰ ਤੇ ਹੁਣ ਝਾਰਖੰਡ) ਵਾਪਸ ਆਏ ਤਾਂ ਇਹ ਅਸਥੀਆਂ ਸ਼ਹੀਦ ਪਰਿਵਾਰਾਂ ਦੇ ਘਰੀਂ ਪਹੁੰਚਾਈਆਂ।

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ.ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਇਚਣਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੇਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵ੍ਰ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।
ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਮੋਬਾਈਲ ਫ਼ੋਨ ਦੇ ਗ਼ੁਲਾਮ ਨਾ ਬਣੋ

ਪ੍ਰੋ. ਕੁਲਬੀਰ ਸਿੰਘ

ਸਮਾਰਟ ਫੋਨ ਨੇ ਦੁਨੀਆਂ ਬਦਲ ਦਿੱਤੀ ਹੈ। ਅਜਿਹਾ ਨਾ ਕਦੇ ਕਿਸੇ ਨੇ ਸੋਚਿਅ ਸੀ ਨਾ ਕਲਪਨਾ ਕੀਤੀ ਸੀ। ਦੂਰ-ਦੁਰਾਡੇ ਤੋਂ ਘਰ ਗੱਲ ਹੋ ਜਾਂਦੀ ਸੀ ਇਹਦੇ ਨਾਲ ਹੀ ਬੰਦਾ ਬੜਾ ਖ਼ੁਸ਼ ਸੀ।

ਸਮਾਂ ਏਨੀ ਤੇਜ਼ੀ ਨਾਲ ਬਦਲਿਆ ਕਿ ਛੋਟੇ ਆਕਾਰ ਦੇ ਮੋਬਾਈਲ ਫੋਨ ਅਤੇ ਬਹੁਤ ਸਾਰੀਆਂ ਕੰਪਨੀਆਂ ਮੁਕਾਬਲੇ ਚੋਂ ਬਾਹਰ ਹੋ ਗਈਆਂ। ਜਿਨ੍ਹਾਂ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਆਪਣੇ ਪ੍ਰੋਡਕਟ ਨੂੰ ਅਪ-ਡੇਟ ਨਹੀਂ ਕੀਤਾ ਉਹ ਹਾਸ਼ੀਏ ’ਤੇ ਚਲੇ ਗਏ।




ਮੁਕਾਬਲੇ ਵਿਚ ਗਿਣਤੀ ਦੀਆਂ ਕੰਪਨੀਆਂ ਰਹਿ ਗਈਆਂ ਜਿਹੜੀਆਂ ਹਰੇਕ ਸਾਲ ਸਮਾਰਟ ਫੋਨ ਦਾ ਨਵਾਂ ਮਾਡਲ ਰਲੀਜ਼ ਕਰਦੀਆਂ ਹਨ ਅਤੇ ਦੁਨੀਆਂ ਭਰ ਦੇ ਲੋਕ ਹੁੰਮ-ਹੁਮਾ ਕੇ ਕਤਾਰਾਂ ਵਿਚ ਖੜੇ ਹੋ ਕੇ ਉਸਦੀ ਖ਼ਰੀਦ ਕਰਦੇ ਹਨ।

ਸਮਾਰਟ ਫੋਨ ਨੇ ਆਧੁਨਿਕ ਮਨੁੱਖ ਨੂੰ ਛੋਟੇ ਜਿਹੇ ਇਸ ਯੰਤਰ ਵਿਚ ਐਨਾ ਕੁਝ ਮੁਹੱਈਆ ਕਰ ਦਿੱਤਾ ਹੈ ਕਿ ਉਹ ਖ਼ੁਸ਼ੀ ਨਾਲ ਖੀਵਾ ਹੋ ਗਿਆ ਹੈ। ਪੋਟੇ ਨੱਚ ਦੇ ਇਸ ਟੁਕੜੇ ’ਤੇ ਨੱਚਦੇ ਨੱਚਦੇ ਦਿਲ-ਦਿਮਾਗ ਨੂੰ, ਮਨ ਨੂੰ ਕਿੱਥੇ ਕਿੱਥੇ ਲੈ ਜਾਂਦੇ ਹਨ ਉਸਨੂੰ ਪਤਾ ਹੀ ਨਹੀਂ ਚੱਲਦਾ। ਜਦ ਪਤਾ ਚੱਲਦਾ ਹੈ ਉਦੋਂ ਤੱਕ ਵਾਹਵਾ ਸਮਾਂ ਬੀਤ ਚੁੱਕਾ ਹੁੰਦਾ ਹੈ ਅਤੇ ਤਨ-ਮਨ ਦਾ ਵਾਹਵਾ ਸਾਰਾ ਨੁਕਸਾਨ ਹੋ ਚੁੱਕਾ ਹੁੰਦਾ ਹੈ।

ਅਸੀਂ ਸਮਾਰਟ ਫੋਨ ਦੇ ਗੁਲਾਮ ਬਣ ਗਏ ਹਾਂ। ਘੜੀ ਘੜੀ ਸਕਰੀਨ ਖੋਲ੍ਹਦੇ ਹਾਂ। ਵੇਖਦੇ ਹਾਂ। ਇਧਰੋਂ ਓਧਰੋਂ, ਓਧਰੋਂ ਇਧਰ। ਆਦਤ ਪੈ ਗਈ ਹੈ। ਲੱਤ ਲੱਗ ਗਈ ਹੈ।

ਸਮਾਰਟ ਫੋਨ ਦੀ ਬਣਤਰ ਅਜਿਹੀ ਹੈ ਕਿ ਇਹ ਹਰ ਵੇਲੇ ਸਾਡੇ ਹੱਥ ਵਿਚ, ਜੇਬ ਵਿਚ ਜਾਂ ਦਫ਼ਤਰ ਦੇ ਟੇਬਲ ’ਤੇ ਰਹਿੰਦਾ ਹੈ। ਅਸੀਂ ਬਿਨ੍ਹਾਂ ਮਤਲਬ, ਬਿਨ੍ਹਾਂ ਕਿਸੇ ਕੰਮ ਦੇ ਇਸਨੂੰ ਸਕਰੋਲ ਕਰੀ ਜਾਂਦੇ ਹਾਂ, ਵੇਖਦੇ ਰਹਿੰਦੇ ਹਾਂ। ਅੱਗੋਂ ਆਪੋ ਆਪਣੀ ਦਿਲਚਸਪੀ ਅਨੁਸਾਰ ਲਾਈਕ, ਕਮੈਂਟ ਕਰੀ ਜਾਂਦੇ ਹਾਂ। ਇਹ ਵੀ ਕੋਈ ਕੰਮ ਹੋਇਆ? ਦਿਨ ਵਿਚ ਕਈ ਕਈ ਘੰਟੇ ਅਸੀਂ ਇਸੇ ‘ਕੰਮ’ ਨੂੰ ਲਾਈ ਜਾਂਦੇ ਹਾਂ।

ਆਧੁਨਿਕ ਸਮਿਆਂ ਵਿਚ ਪ੍ਰਸਪਰ ਰਾਬਤਾ ਰੱਖਣ ਦਾ ਇਹ ਕਾਰਗਰ ਤੇ ਤੇਜ਼ ਤਰਾਰ ਢੰਗ-ਤਰੀਕਾ ਮੰਨਿਆ ਜਾਂਦਾ ਹੈ। ਹੋ ਸਕਦਾ ਹੈ ਇਸਦੇ ਕੁਝ ਲਾਭ, ਕੁਝ ਫਾਇਦੇ ਹੋਣ ਪਰ ਤੁਸੀਂ ਹੈਰਾਨ ਹੋਵੋਗੇ ਲੰਮੇ ਸਮੇਂ ਦੌਰਾਨ ਇਸਦੇ ਨੁਕਸਾਨ ਅਤੇ ਮਾੜੇ ਪਹਿਲੂ ਵਧੇਰੇ ਹਨ। ਇਸਨੇ ਅਜੋਕੇ ਮਨੁੱਖ ਦੀ ਮਾਨਸਿਕ ਤੇ ਸਰੀਰਕ ਸਿਹਤ ਸਾਹਮਣੇ ਅਨੇਕਾਂ ਸਵਾਲ ਖੜੇ ਕਰ ਦਿੱਤੇ ਹਨ। ਰੇਡੀਏਸ਼ਨ ਹੈ, ਕਾਰਸਿਨੋਜਨਿਕ ਹੈ। ਫੇਸਬੁੱਕ ਜਿਹੇ ਮੰਚ ਅਨੇਕਾਂ ਹੋਰ ਮਾਨਸਿਕ ਸਰੀਰਕ ਵਿਕਾਰਾਂ ਨਾਲ ਜੁੜੇ ਹਨ।

ਦੁਨੀਆਂ ਭਰ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਸਮਾਰਟ ਫੋਨ ਸਮਾਜ ਵਿਚ ਸੰਚਾਰ ਦਾ ਮੁਖ ਮਾਧਿਅਮ ਬਣ ਗਿਆ ਹੈ। ਵੱਖ ਵੱਖ ਮਾਹਿਰ ਅਤੇ ਸਬੰਧਤ ਅਦਾਰੇ ਮੰਨਦੇ ਹਨ ਕਿ ਲੋਕਾਂ ਨੂੰ ਤਰਜੀਹੀ ਆਧਾਰ ’ਤੇ ‘ਸਕਰੀਨ ਟਾਈਮ’ ਘਟਾਉਣਾ ਹੋਵੇਗਾ ਅਤੇ ਜਿਸ ਸਮੇਂ ਸਮਾਰਟ ਫੋਨ ਦੀ ਵਰਤੋਂ ਨਹੀਂ ਕੀਤੀ ਜਾ ਰਹੀ ਉਦੋਂ ਉਸਨੂੰ ਆਪਣੇ ਤੋਂ ਦੂਰੀ ’ਤੇ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਹੁਣ ਤਾਂ ਇਹ ਚਿੱਟੇ ਦਿਨ ਵਾਂਗ ਅਨੇਕਾਂ ਖੋਜਾਂ ਦੁਆਰਾ ਸਿੱਧ ਹੋ ਚੁੱਕਾ ਹੈ ਕਿ ਸਮਾਰਟ ਫੋਨ ਦੀ ਵਧੇਰੇ ਵਰਤੋਂ ਤਣਾਅ ਅਤੇ ਡਿਪਰੈਸ਼ਨ ਦਾ ਕਾਰਨ ਬਣਦੀ ਹੈ। ਨੀਂਦ ਪ੍ਰਭਾਵਤ ਹੋਣ ਕਾਰਨ ਮਾਨਸਿਕ ਸਿਹਤ ਲਈ ਖਤਰੇ ਪੈਦਾ ਹੋ ਰਹੇ ਹਨ।

ਜਦ ਸਮਾਰਟ ਫੋਨ ਤਿਆਰ ਕੀਤਾ ਜਾਂਦਾ ਹੈ ਤਾਂ ਲਿਥੀਅਮ, ਲੀਡ, ਕਾਪਰ, ਜ਼ਿੰਕ, ਕੈਡਮੀਅਮ ਅਤੇ ਪਾਰਾ ਜਿਹੇ ਖ਼ਤਰਨਾਕ ਪਦਾਰਥਾਂ ਦਾ ਪ੍ਰਯੋਗ ਹੁੰਦਾ ਹੈ। ਇਸਦੀ ਵਰਤੋਂ ਕਰਨ ਵਾਲਾ ਵਿਅਕਤੀ ਲਗਾਤਾਰ ਲੰਮਾ ਸਮਾਂ ਬੈਠੇ ਰਹਿਣ ਲਈ ਮਜ਼ਬੂਰ ਹੁੰਦਾ ਹੈ। ਬੈਠਣ ਦੀ ਲੋੜ ਵੀ ਨਹੀਂ। ਸਰ੍ਹਾਣੇ ਨਾਲ ਢੋਅ ਲਗਾ ਕੇ ਘੰਟਿਆਂ ਤੱਕ ਇਸਦੀ ਵਰਤੋਂ ਹੋਰ ਵੀ ਘਾਤਕ ਸਿੱਧ ਹੋ ਰਹੀ ਹੈ।

ਸਮਾਰਟ ਫੋਨ ਦੀ ਵਧਰੇ ਵਰਤੋਂ ਅਰਥਾਤ ਵੱਧਦੇ ਸਕਰੀਨ ਟਾਈਮ ਨਾਲ ਹੋਣ ਵਾਲੇ ਸਰੀਰਕ ਮਾਨਸਿਕ ਸਿਹਤ ਦੇ ਨੁਕਸਾਨਾਂ ਦੀ ਸੂਚੀ ਲੰਮੀ ਹੁੰਦੀ ਜਾ ਰਹੀ ਹੈ। ਇਸ ਖੇਤਰ ਦੇ ਮਾਹਿਰਾਂ, ਮਨੋਵਿਗਿਆਨੀਆਂ ਅਤੇ ਸਿਹਤ ਵਿਗਿਆਨ ਵੱਲੋਂ ਤਿਆਰ ਕੀਤੀ ਗਈ ਸੂਚੀ ਵਿਚ ਹਰ ਸਾਲ ਹੋਰ ਵਾਧਾ ਹੁੰਦਾ ਜਾ ਰਿਹਾ ਹੈ।

ਅਸੀਂ ਨਿੱਤ ਨਵੀਆਂ ਆ ਰਹੀਆਂ ਤਕਨੀਕੀ ਸਹੂਲਤਾਂ ਤੋਂ ਦੂਰੀ ’ਤੇ ਨਹੀਂ ਵਿਚਰ ਸਕਦੇ। ਇਹ ਤੇਜ਼ੀ ਨਾਲ ਸਾਡੇ ਜੀਵਨ ਦਾ ਹਿੱਸਾ ਬਣ ਰਹੀਆਂ ਹਨ। ਅਸੀਂ ਏਨਾ ਹੀ ਕਰ ਸਕਦੇ ਹਾਂ ਕਿ ਇਨ੍ਹਾਂ ਦੀ ਵਰਤੋਂ ਇਕ ਸੀਮਾ ਵਿਚ ਰਹਿ ਕੇ ਸੰਜਮ ਨਾਲ ਕਰੀਏ। ਇਨ੍ਹਾਂ ਨੂੰ ਆਪਣੇ ਜੀਵਨ ’ਤੇ ਹਾਵੀ ਨਾ ਹੋਣ ਦਈਏ। ਇਨ੍ਹਾਂ ਦੇ ਗੁਲਾਮ ਨਾ ਬਣੀਏ।

ਅੱਜ ਕਲ੍ਹ ਨਸ਼ੇ ਹੀ ਸਾਡਾ ਮਾਨਸਿਕ, ਸਰੀਰਕ, ਸਮਾਜਕ, ਪਰਿਵਾਰਕ ਨੁਕਸਾਨ ਨਹੀਂ ਕਰ ਰਹੇ ਬਲ ਕਿ ਸਮਾਰਟ ਫੋਨ ਅਤੇ ਭੈੜੀ ਖ਼ੁਰਾਕ ਦੀ ਲੱਤ ਵੀ ਸਾਡੀ ਸਿਹਤ ਦਾ ਕਬਾੜਾ ਕਰ ਰਹੇ ਹਨ। ਜਦ ਅਸੀਂ ਵਾਰ ਵਾਰ ਸਮਾਰਟ ਫੋਨ ਦਾ ਸਕਰੀਨ ਖੋਲ੍ਹਦੇ ਹਾਂ। ਵੱਟਸਐਪ, ਫੇਸਬੁੱਕ ਚੈੱਕ ਕਰਦੇ ਹਾਂ। ਫੋਨ ਬੰਦ ਕਰਕੇ ਰੱਖ ਦਿੰਦੇ ਹਾਂ। ਪੰਜ ਮਿੰਟ ਬਾਅਦ ਮੁੜ ਇਸੇ ਕਿਰਿਆ ਨੂੰ ਦੁਹਰਾਉਂਦੇ ਹਾਂ ਅਤੇ ਸਾਰਾ ਦਿਨ ਇੰਝ ਹੀ ਚੱਲਦਾ ਰਹਿੰਦਾ ਹੈ। ਇਹ ਕੀ ਹੈ? ਇਹ ਲੱਤ ਨਹੀਂ ਤਾਂ ਹੋਰ ਕੀ ਹੈ? ਅਸੀਂ ਉਥੋਂ ਕੀ ਲੱਭਦੇ ਹਾਂ? ਕੁਝ ਵੀ ਨਹੀਂ। ਬੱਸ ਲੱਤ ਲੱਗ ਗਈ ਹੈ। ਸੋਚ ਵਿਚਾਰ ਕਰਕੇ ਇਸ ਵਿਚੋਂ ਜਿੰਨੀ ਜਲਦੀ ਬਾਹਰ ਨਿਕਲ ਪਾਓਗੇ ਓਨਾ ਹੀ ਚੰਗਾ ਹੈ। ਸਾਰੀ ਮਨ ਦੀ ਖੇਡ ਹੈ। ਮਨ ਨੂੰ ਰੋਕਣ ਸਮਝਾਉਣ ਦੀ ਲੋੜ ਹੈ।

ਦੁਨੀਆਂ ਵਿਚ ਵੱਡੀ ਗਿਣਤੀ ਅਜਿਹੇ ਲੋਕਾਂ ਦੀ ਹੈ ਜਿਹੜੇ ਸਾਰਾ ਦਿਨ ਅਜਿਹੀ ਖ਼ੁਰਾਕ ਖਾਣ ਵਿਚ ਰੁੱਝੇ ਰਹਿੰਦੇ ਹਨ ਜਿਹੜੀ ਮਨੁੱਖੀ ਸਰੀਰ ਨੂੰ ਬਿਮਾਰ ਕਰਦੀ ਹੈ। ਬੇਕਰੀ ਪ੍ਰੋਡਕਟ ਹਨ, ਡੇਅਰੀ ਪ੍ਰੋਡਕਟ ਹਨ, ਮਠਿਆਈਆਂ ਹਨ। ਇੰਡਸਟਰੀ ਤੋਂ ਆ ਰਹੀਆਂ ਡੱਬਾ ਬੰਦ, ਪੈਕਟ ਬੰਦ, ਬੋਤਲ ਬੰਦ ਵਸਤੂਆਂ ਹਨ। ਫਾਸਟ ਫੂਡ ਹੈ, ਜੰਕ ਫੂਡ ਹੈ। ਅਸੀਂ ਆਪਣੇ ਹੱਥੀਂ ਆਪਣੀ ਸਿਹਤ, ਆਪਣੇ ਸਰੀਰ ਦਾ ਨੁਕਸਾਨ ਕਰ ਰਹੇ ਹਾਂ। ਐਨ ਇਹੀ ਸਥਿਤੀ ਸਮਾਰਟ ਫੋਨ ਦੀ ਹੱਦੋਂ ਵੱਧ ਵਰਤੋਂ ਦੀ ਹੈ। ਮਨ ਨੂੰ ਵਰਜਣ ਦੀ ਲੋੜ ਹੈ। ਆਪਣੇ ਕੰਟਰੋਲ ਹੇਠ ਲਿਆਉਣ ਦੀ ਲੋੜ ਹੈ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ਸਾਨੂੰ ਯਾਦ ਹੈ

ਕੁਲਵੀਰ ਸਿੰਘ ਡਾਨਸੀਵਾਲ
778 863 2472



ਸਾਨੂੰ ਯਾਦ ਹੈ
ਲੋਹਗੜ ਦੇ ਕਿਲਿਆਂ ਤੇ ਝੁੱਲਦੇ, ਕੇਸਰੀ ਨਿਸ਼ਾਨ
ਉਸ ਮਰਦ ਅਗੰਮੜੇ ਦੀ, ਲਾਸਾਨੀ ਦਾਸਤਾਨ
ਚਾਂਦਨੀ ਚੌਕ ਦੇ ਬਲੀਦਾਨ
ਸਾਨੂੰ ਯਾਦ ਹੈ ,ਭੰਗਾਣੀ ਦੇ ਜੇਤੂ ਮੈਦਾਨ
ਸਾਨੂੰ ਯਾਦ ਹੈ
ਥਾਪੜਾ ਦੇ ਕੇ ਤੋਰਿਆ ,ਬਚਿੱਤਰ ਸਿੰਘ ਦਲੇਰ
ਮਸਤੇ ਹਾਥੀਆਂ ਦੀਆਂ ਹਿੱਕਾ ਤੇ ਮੇਹਲਦਾ ਉਹ ਬੱਬਰ ਸ਼ੇਰ
ਸਾਨੂੰ ਯਾਦ ਨੇ
ਉਹ ਲਾਸਾਨੀ ਤਵਾਰੀਖਾਂ ,
ਛੇ ਪੋਹ ਤੋਂ ਲੈ ਕੇ ,14 ਪੋਹ ਦੀਆਂ ਤਰੀਕਾਂ
ਅਸੀਂ ਭੁੱਲੇ ਨਹੀਂ
ਅਨੰਦਪੁਰ ਦੇ ਨਗਾਰੇ ,
ਆਸਾ ਦੀ ਵਾਰ ਤੇ ਸਰਸਾ ਦੇ ਕਿਨਾਰੇ

ਸਾਡੇ ਜੁੱਸਿਆਂ ਨੂੰ ਕੰਬਣੀ ਛੇੜਦੀ ਹੈ
ਸਰਹੰਦ ਦੀ ਕੰਧ ,ਚਮਕੌਰ ਦੀ ਜੰਗ
ਮਾਤਾ ਗੁਜਰੀ ਦੇ ਬੁੱਢਿਆਂ ਹੱਡਾਂ ਨੂੰ ਠਾਰਦੀ, ਬੁਰਜਾਂ ਦੀ ਠੰਡ

ਕਲਾਵੇ ਚ ਲੈ ਕੇ ਤੋਰੇ , ਉਹ ਗੁਜਰੀ ਦੇ ਪੋਤੇ
ਮੋਤੀ ਮਹਿਰੇ ਦੇ ਅਹਿਸਾਨ ਤੇ ਗੰਗੂ ਦੇ ਧੋਖੇ

ਸਾਡੇ ਬੱਚਿਆਂ ਨੂੰ ਯਾਦ ਹੈ
ਕਲਗੀਆਂ ਵਾਲੇ ਦੇ ਬੱਚੇ
ਚੜਦੀ ਉਮਰੇ ਜੋ ਸੂਲਾਂ ਤੇ ਨੱਚੇ

ਉਮਰਾਂ ਦੇ ਕੱਚੇ ਤੇ ਸਿਰੜਾਂ ਦੇ ਪੱਕੇ
ਬਿਜਲੀਆਂ ਵਰਗੇ ਸਨ, ਉਹ ਜਾਬਾਂਜ ਰੰਗ ਰੱਤੇ

ਸਾਨੂੰ ਯਾਦ ਰਹਿਣਗੇ
ਦੀਵਾਰਾਂ ਚ ਚਿਣਿਓ ਤੇ ਸ਼ੇਰਾਂ ਵਾਂਗ ਗੜਕਦੇ, ਦੋ ਸੂਰਬੀਰ
ਅਜੀਤ ਤੇ ਜੁਝਾਰ ਦੇ ਵਢਿਓ ਸਰੀਰ

ਓਹਨਾ ਦੀਆਂ ਹਿੱਕਾ ਚ ਖੁਭਿਓ ਤੀਰ
ਵੈਰੀ ਨੂੰ ਲਲਕਾਰ ਕੇ ਨਿੱਕਲਿਆ ਉਹ ਹਿੰਦ ਦਾ ਪੀਰ
ਮਾਛੀਵਾੜੇ ਦੀਆਂ ਜੂਹਾਂ ਚ ਸੁੱਤਾ , ਉਹ ਉੱਚ ਦਾ ਪੀਰ
ਯਾਰੜੇ ਦੇ ਸੱਥਰ ਨੂੰ ਚੰਗਾ ਕਹਿਣ ਵਾਲਾ ਉਹ ,ਜਾਂਬਾਜ ਫਕੀਰ
ਸਾਨੂੰ ਯਾਦ ਨੇ
ਪਾਤਸ਼ਾਹ ਦੇ ਫਰਮਾਨ ,
ਕਾਹੀ ਦੀ ਜੜ੍ਹ ਪੁੱਟ ਕੇ ਕੀਤੇ,
ਮੁਗਲਾਂ ਦੀ ਜੜ੍ਹ ਪੁੱਟਣ ਦੇ ਐਲਾਨ

ਸਾਨੂੰ ਯਾਦ ਨੇ
ਉਹ ਗੁਰੂ ਵਲੋਂ ਪਾੜੇ ਉਹ ਬਦਾਵੇ
ਮੁਕਤਸਰ ਦੀ ਜੰਗ ਵਿਚ ਭਰੇ ,ਮੁਕਤਿਆਂ ਦੇ ਕਲਾਵੇ
ਮਾਤਾ ਭਾਗੋ ਦੀ ਲਲਕਾਰ ਤੇ ਸਿੰਘਾਂ ਦੇ ਪਛਤਾਵੇ

ਸਾਨੂੰ ਸਦਾ ਯਾਦ ਰਹੇਗਾ
ਤਲਵੰਡੀ ਸਾਬੋ ਦਾ ਅਸਥਾਨ
ਗੁਰੂ ਵਲੋਂ ਕਮਰ ਕੱਸਾ ਖੋਲ ਕੇ ਕੀਤਾ ਅਰਾਮ
ਮਾਤਾ ਸਾਹਿਬ ਕੌਰ ਤੇ ਸੁੰਦਰੀ ਜੀ ਦਾ ਦਿੱਲੀ ਤੋਂ ਮੁੜਨਾ
ਫਿਰ ਗੁਰੂ ਦਾ , ਗੁਰੂ ਕੀ ਕਾਂਸ਼ੀ ਛੱਡ , ਦੱਖਣ ਨੂੰ ਤੁਰਨਾ
ਸਾਨੂੰ ਯਾਦ ਹੈ
ਨੰਦੇੜ ਸਾਹਿਬ ਦਾ ਟਿਕਾਣਾ
ਮਾਧੋ ਦਾਸ ਨੂੰ ਗੁਰੂ ਕਾ ਬੰਦਾ ਬਣਾਉਣਾ
ਕਲਗੀਆਂ ਵਾਲੇ ਦਾ ਛੱਡ ਕੇ ਜਾਣਾ
ਖਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਣਾ
ਸਾਨੂੰ ਯਾਦ ਹੈ
ਬੰਦਾ ਬਹਾਦਰ ਦਾ ਖੜਕਿਆ ਖੰਡਾ ,
ਗੰਗੂ ਦੇ ਨੱਕ 'ਚ ਪਾਈਆਂ ਨਕੇਲਾਂ ਤੇ
ਮੁੜ ਖਾਲਸੇ ਦਾ ਚੜ੍ਹਿਆ ਝੰਡਾ
ਸਾਡੇ ਚੇਤਿਆਂ ਚ ਵੱਸਿਆ ਹੈ
ਹਰਿਮੰਦਰ ਸਾਹਿਬ ਦਾ ਇਤਿਹਾਸ
ਬਾਬਾ ਦੀਪ ਸਿੰਘ ਦੀ ਅਰਦਾਸ
ਸਾਨੂੰ ਯਾਦ ਨੇ ਸੁੱਖੇ ਤੇ ਮਹਿਤਾਬ
ਮੱਸੇ ਰੰਗੜ ਦਾ ਗਾਟਾ ਲਾਹ ਕੇ ਉੱਡੇ ਉਹ ਬਾਜ

ਸਾਨੂੰ ਸਦਾ ਯਾਦ ਰਹੇਗੀ
ਖਾਲਸੇ ਦੀ ਮਾਨ ਮੱਤੀ history
ਸਚਾਈ ਦੀ ਬੁਰਾਈ ਉੱਤੇ victory
ਸਾਨੂੰ ਦੁਪੱਟਿਆਂ ਅਤੇ ਦਸਤਾਰਾਂ ਤੇ ਮਾਣ ਹੈ
ਡਾਣਸੀਵਾਲੀਆ
ਇਹ ਸਾਡੀ ਪਛਾਣ ਹੈ
ਸਮਿਆਂ ਦੇ ਸਾਗਰਾਂ ਨੂੰ,
ਤਰ ਕੇ ਲੰਘੇ ਇਤਿਹਾਸ
ਸਦੀਆਂ ਦੀਆਂ ਜੰਗਾਂ 'ਚੋਂ,
ਲੜ ਕੇ ਲੰਘੇ ਇਤਿਹਾਸ
ਵਕਤਾਂ ਦੀਆਂ ਔਖੀਆਂ ਪੌੜੀਆਂ,
ਚੜਕੇ ਲੰਘੇ ਇਤਿਹਾਸ
ਜਿੰਦਗੀ ਦੇ ਇਮਤਿਹਾਨਾਂ ਚੋਂ,
ਮਰਕੇ ਲੰਘੇ ਇਤਿਹਾਸ
ਹਥੇਲੀਆਂ ਤੇ ਜਾਨ ਅਤੇ ਸੀਸ,
ਧਰਕੇ ਲੰਘੇ ਇਤਿਹਾਸ
ਤੱਤੀਆਂ ਤਵੀਆਂ ਤੇ,
ਸੜਕੇ ਲੰਘੇ ਇਤਿਹਾਸ
ਠੰਡਿਆਂ ਬੁਰਜਾਂ 'ਚੋਂ,
ਠਰ ਕੇ ਲੰਘੇ ਇਤਿਹਾਸ
ਜ਼ੁਲਮਾਂ ਦੀਆਂ ਹਨੇਰੀਆਂ ਨਾਲ,
ਅੜਕੇ ਲੰਘੇ ਇਤਿਹਾਸ
ਸਾਨੂੰ ਸਦਾ ਯਾਦ ਰਹਿਣਗੇ
ਸਾਨੂੰ ਸਦਾ ਯਾਦ ਰਹਿਣਗੇ
ਡਾਣਸੀਵਾਲੀਆ
ਇਹ ਬਾਗ ਸਦਾ ਆਬਾਦ ਰਹਿਣਗੇ




## ਇਮਰਾਨ ਖਾਨ ਦੇ ਤਿੰਨ ਸੀਟਾਂ ਤੋਂ ਚੋਣ ਲੜਨ ਦੀ ਸੰਭਾਵਨਾ



ਇਸਲਾਮਾਬਾਦ-ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਘੱਟ ਘੱਟ ਤਿੰਨ ਹਲਕਿਆਂ ਤੋਂ ਚੋਣਾਂ ਲੜਨਗੇ। ਉਨ੍ਹਾਂ ਦੀ ਪਾਰਟੀ ਨੇ ਬੁੱਧਵਾਰ ਨੂੰ ਇਹ ਐਲਾਨ ਕੀਤਾ। ਇਸਲਾਮਾਬਾਦ ਦੀ ਹੇਠਲੀ ਅਦਾਲਤ ਨੇ ਪੰਜ ਅਗਸਤ ਨੂੰ ਖਾਨ ਨੂੰ ਪਾਕਿਸਤਾਨ ਦੇ ਚੋਣ ਕਮਿਸ਼ਨ ਵੱਲੋਂ ਦਾਇਰ ਤੋਸ਼ਾਖਾਨਾ ਭ੍ਰਿਸ਼ਟਾਚਾਰ ਮਾਮਲੇ 'ਚ ਦੋਸ਼ੀ ਠਹਿਰਾਇਆ ਸੀ। ਫੈਸਲੇ ਦਾ ਮਤਲਬ ਸੀ ਕਿ ਉਨ੍ਹਾਂ ਨੂੰ ਪੰਜ ਸਾਲ ਲਈ ਚੋਣ ਲੜਨ ਤੋਂ ਅਯੋਗ ਕਰਾਰ ਠਹਿਰਾਇਆ ਗਿਆ। ਕੁਝ ਦਿਨ ਬਾਅਦ ਇਸਲਾਮਾਬਾਦ ਹਾਈ ਕੋਰਟ ਨੇ ਖਾਨ ਦੀ ਤਿੰਨ ਸਾਲ ਦੀ ਸਜ਼ਾ ਮੁਅੱਤਲ ਕਰ ਦਿੱਤੀ ਪਰ ਉਹ ਹੋਰਨਾਂ ਮਾਮਲਿਆਂ 'ਚ ਅਜੇ ਵੀ ਜੇਲ੍ਹ 'ਚ ਹੈ। ਵਕੀਲ ਅਲੀ ਜ਼ਫ਼ਰ ਨੇ ਅਡਿਆਲਾ ਜੇਲ੍ਹ ਦੇ ਬਾਹਰ ਮੀਡੀਆ ਨੂੰ ਕਿਹਾ, "ਇਮਾਰਨ ਖਾਨ ਕਹਿਣਾ ਚਾਹੁੰਦਾ ਹੈ ਕਿ ਪਾਕਿਸਤਾਨ ਦੇ ਘੱਟ ਘੱਟ ਤਿੰਨ ਚੋਣ ਹਲਕਿਆਂ ਤੋਂ ਉਹ ਚੋਣ ਲੜੇਗਾ।" 'ਡਾਅਨ' ਅਖਬਾਰ ਦੀ ਰਿਪੋਰਟ ਅਨੁਸਾਰ ਜਫਰ ਨੇ ਕਿਹਾ ਕਿ ਇਸਲਾਮਾਬਾਦ ਹਾਈ ਕੋਰਟ ਤੋਸ਼ਾਖਾਨਾ ਮਾਮਲੇ 'ਚ ਚੁਣੌਤੀ ਦੇਣ ਵਾਲੀ ਖਾਨ ਦੀ ਪਟੀਸ਼ਨ 'ਤੇ ਆਪਣਾ ਫੈਸਲਾ ਛੇਤੀ ਸੁਣਾ ਸਕਦਾ ਹੈ। ਉਨ੍ਹਾਂ ਕਿਹਾ, "ਸਾਨੂੰ ਉਮੀਦ ਹੈ ਕਿ ਫੈਸਲਾ ਛੇਤੀ ਸੁਣਾਇਆ ਜਾਵੇਗਾ ਕਿਉਂਕਿ ਚੋਣਾਂ ਦਾ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ।"



# ਸਿਆਸਤ 'ਚ ਕੰਗਨਾ ਦੀ ਐਂਟਰੀ ਹੋਈ ਪੱਕੀ ਭਾਜਪਾ ਦੀ ਟਿਕਟ ਤੋਂ ਲੜੇਗੀ ਲੋਕ ਸਭਾ ਚੋਣ

ਚੰਡੀਗੜ੍ਹ-ਇਸ ਵਾਰ ਵੀ ਸਥਾਨਕ ਭਾਜਪਾ ਆਗੂਆਂ ਦੀ ਧੜੇਬੰਦੀ ਦਾ ਫਾਇਦਾ ਕਿਸੇ ਨਵੇਂ ਚਿਹਰੇ ਨੂੰ ਮਿਲ ਸਕਦਾ ਹੈ। ਚੰਡੀਗੜ੍ਹ ਸੀਟ ਲਈ ਕਈ ਵੱਡੇ ਚਿਹਰਿਆਂ ਦੀ ਚਰਚਾ ਹੋ ਰਹੀ ਹੈ। ਅਭਿਨੇਤਰੀ ਕੰਗਨਾ ਰਣੌਤ ਵੀ ਇਨ੍ਹਾਂ 'ਚੋਂ ਇਕ ਹੈ। ਤਿੰਨ ਦਿਨ ਪਹਿਲਾਂ ਅਦਾਕਾਰਾ ਕੰਗਨਾ ਰਣੌਤ ਨੇ ਹਿਮਾਚਲ ਪ੍ਰਦੇਸ਼ ਦੇ ਦੌਰੇ ਦੌਰਾਨ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਨਾਲ ਮੁਲਾਕਾਤ ਕੀਤੀ ਸੀ। ਇਸ ਮੁਲਾਕਾਤ ਤੋਂ ਬਾਅਦ ਉਨ੍ਹਾਂ ਦੇ ਪਿਤਾ ਅਮਰਦੀਪ ਰਣੌਤ ਨੇ ਖੁਦ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਕੰਗਨਾ 2024 ਦੀਆਂ ਲੋਕ ਸਭਾ ਚੋਣਾਂ ਭਾਜਪਾ ਦੀ ਟਿਕਟ 'ਤੇ ਲੜੇਗੀ। ਹਾਲਾਂਕਿ ਅਜੇ ਇਹ ਤੈਅ ਨਹੀਂ ਹੋਇਆ ਹੈ ਕਿ ਉਹ ਕਿਸ ਸੀਟ ਤੋਂ ਚੋਣ ਲੜੇਗੀ। ਕੰਗਨਾ ਦੇ ਪਿਤਾ ਦੇ ਇਸ ਬਿਆਨ ਨਾਲ ਸਿਆਸੀ ਹਲਕਿਆਂ 'ਚ ਮਾਹੌਲ ਫਿਰ ਗਰਮ ਹੋ ਗਿਆ ਹੈ। ਇਸ ਦੀ ਚਰਚਾ ਚੰਡੀਗੜ੍ਹ ਵਿੱਚ ਵੀ ਸ਼ੁਰੂ ਹੋ ਗਈ ਹੈ। ਕੰਗਨਾ ਰਣੌਤ ਦੇ ਤਿੰਨ ਲੋਕ ਸਭਾ ਹਲਕਿਆਂ ਤੋਂ ਚੋਣ ਲੜਨ ਦੀ ਚਰਚਾ ਹੈ। ਇਨ੍ਹਾਂ ਵਿੱਚੋਂ ਪਹਿਲੀ ਸੀਟ ਚੰਡੀਗੜ੍ਹ ਹੈ। ਇਸ ਦਾ ਕਾਰਨ ਇਹ ਹੈ ਕਿ ਕੰਗਨਾ ਨੇ ਚੰਡੀਗੜ੍ਹ 'ਚ ਰਹਿ ਕੇ ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ ਹੈ। ਉਸ ਨੇ ਸੈਕਟਰ-15 ਸਥਿਤ ਡੀਏਵੀ ਸਕੂਲ ਤੋਂ ਪੜ੍ਹਾਈ ਕੀਤੀ ਹੈ। ਇੱਥੋਂ ਹੀ ਮਾਡਲਿੰਗ ਦੀ ਦੁਨੀਆ 'ਚ ਆਉਣ ਦਾ ਸੁਪਨਾ ਵੀ ਬੁਣਿਆ। ਇਸ ਕਾਰਨ ਉਸ ਦਾ ਸ਼ਹਿਰ ਨਾਲ ਸਬੰਧ ਹੈ। ਉਸ ਦਾ ਪਰਿਵਾਰ ਵੀ ਚੰਡੀਗੜ੍ਹ ਰਹਿੰਦਾ ਹੈ।

### ਮੰਡੀ ਦੀ ਰਹਿਣ ਵਾਲੀ ਹੈ ਕੰਗਨਾ ਰਣੌਤ

ਹਾਲਾਂਕਿ, ਕੰਗਨਾ ਰਣੌਤ ਮੂਲ ਰੂਪ 'ਚ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦੀ ਰਹਿਣ ਵਾਲੀ ਹੈ। ਇਸ ਤੋਂ ਇਲਾਵਾ ਰਾਸ਼ਟਰਵਾਦੀ ਵਿਚਾਰਧਾਰਾ ਅਤੇ ਭਾਜਪਾ ਵੱਲ ਝੁਕਾਅ ਵੀ ਉਨ੍ਹਾਂ ਦਾ ਨਾਂ ਚਰਚਾ 'ਚ ਆਉਣ ਦਾ ਕਾਰਨ ਬਣ ਰਿਹਾ ਹੈ। ਇਸ ਨਾਲ ਭਾਜਪਾ ਉਨ੍ਹਾਂ ਨੂੰ ਸਥਾਨਕ ਤੌਰ 'ਤੇ ਜੋੜ ਕੇ ਉਮੀਦਵਾਰ ਬਣਾ ਸਕਦੀ ਹੈ। ਨਾਲ ਹੀ ਹਿਮਾਚਲ ਪ੍ਰਦੇਸ਼ ਦੇ ਲੋਕਾਂ ਦਾ ਇਕ ਵੱਡਾ ਵਰਗ ਚੰਡੀਗੜ੍ਹ ਵਿੱਚ ਰਹਿੰਦਾ ਹੈ। ਮਹਾਰਾਸ਼ਟਰ 'ਚ ਵੀ ਉਹ ਕਈ ਮਾਮਲਿਆਂ 'ਤੇ ਊਧਵ ਠਾਕਰੇ ਨਾਲ ਭਿੜ ਚੁੱਕੀ ਹੈ।

### ਮਥੁਰਾ ਤੇ ਮੰਡੀ ਤੋਂ ਵੀ ਚਰਚਾ

ਕੰਗਨਾ ਦਾ ਨਾਂ ਮਥੁਰਾ ਤੇ ਹਿਮਾਚਲ ਪ੍ਰਦੇਸ਼ ਦੀ ਮੰਡੀ ਲੋਕ ਸਭਾ ਸੀਟਾਂ ਤੋਂ ਵੀ ਚਰਚਾ 'ਚ ਹੈ। ਅਭਿਨੇਤਰੀ ਹੇਮਾ ਮਾਲਿਨੀ ਇਸ ਸਮੇਂ ਮਥੁਰਾ ਤੋਂ ਸੰਸਦ ਮੈਂਬਰ ਹਨ। ਉਮਰ ਹੱਦ ਨੂੰ ਦੇਖਦੇ ਹੋਏ ਹੁਣ ਭਾਜਪਾ ਇਸ ਸੀਟ ਤੋਂ ਕਿਸੇ ਹੋਰ ਚਿਹਰੇ ਦੀ ਤਲਾਸ਼ ਕਰ ਰਹੀ ਹੈ। ਸਟਾਰ ਦੇ ਬਦਲੇ ਸਟਾਰ ਨਾਲ ਇਸ ਦੀ ਪੂਰਤੀ ਹੋ ਸਕਦੀ ਹੈ। ਇਸ ਦੇ ਨਾਲ ਹੀ ਕੰਗਨਾ ਦੇ ਜੱਦੀ ਨਿਵਾਸ ਮੰਡੀ ਦੀ ਸੀਟ ਦੂਜਾ ਵਿਕਲਪ ਹੈ। ਕਿਉਂਕਿ ਉਹ ਸਥਾਨਕ ਹਨ, ਇਸ ਲਈ ਭਾਜਪਾ ਉਨ੍ਹਾਂ ਨੂੰ ਇੱਥੇ ਵੀ ਮੌਕਾ ਦੇ ਸਕਦੀ ਹੈ। ਮੌਜੂਦਾ ਸਮੇਂ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਵੀਰਭੱਦਰ ਸਿੰਘ ਦੀ ਪਤਨੀ ਪ੍ਰਤਿਭਾ ਸਿੰਘ ਇਸ ਸੀਟ ਤੋਂ ਸੰਸਦ ਮੈਂਬਰ ਹਨ।

# ਸੜਕ ਰਾਹੀਂ ਸਫ਼ਰ ਕਰਨਾ ਪਸੰਦ ਨਹੀਂ-ਪਰਿਨੀਤੀ ਚੋਪੜਾ



ਮੁੰਬਈ-ਫਿਲਮ ਅਦਾਕਾਰਾ ਪਰਿਨੀਤੀ ਚੋਪੜਾ ਨੇ ਸੋਸ਼ਲ ਮੀਡੀਆ ਪਲੈਟਫਾਰਮ ਇੰਸਟਾਗ੍ਰਾਮ 'ਤੇ ਸੜਕ 'ਤੇ ਜਾਂਦੀ ਦੀ ਆਪਣੀ ਇੱਕ ਸੈਲਫ਼ੀ ਸਾਂਝੀ ਕਰਦਿਆਂ ਖੁਲਾਸਾ ਕੀਤਾ ਹੈ ਕਿ ਉਸ ਨੂੰ ਸੜਕ ਰਾਹੀਂ ਸਫ਼ਰ ਕਰਨਾ ਪਸੰਦ ਨਹੀਂ ਹੈ ਬਲਕਿ ਉਹ ਸੜਕੀ ਸਫ਼ਰ ਨੂੰ ਨਫ਼ਰਤ ਕਰਦੀ ਹੈ। ਉਸ ਨੇ ਇੰਸਟਾਗ੍ਰਾਮ 'ਤੇ ਆਪਣੇ ਚਾਹੁਣ ਵਾਲਿਆਂ ਲਈ ਇਕ ਤਸਵੀਰ ਸਾਂਝੀ ਕੀਤੀ ਹੈ। ਤਸਵੀਰ ਵਿੱਚ ਉਹ ਸਫੈਦ ਰੰਗ ਦੀ ਪ੍ਰਿੰਟਿਡ ਓਵਰਸਾਈਜ਼ ਟੀ-ਸ਼ਰਟ ਅਤੇ ਕਾਲੇ ਰੰਗ ਦੀ ਸਕਰਟ ਵਿੱਚ ਦਿਖਾਈ ਦੇ ਰਹੀ ਹੈ। ਜਿਵੇਂ ਹੀ ਇਹ ਤਸਵੀਰ ਡਾਊਨਲੋਡ ਹੋਈ, ਉਸ ਦੇ ਚਾਹੁਣ ਵਾਲਿਆਂ ਨੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਅਦਾਕਾਰਾ ਦੀ ਅਗਲੀ ਆਉਣ ਵਾਲੀ ਫ਼ਿਲਮ 'ਚਮਕੀਲਾ' ਹੈ। ਪਰਿਨੀਤੀ ਨੇ ਹਾਲ ਵਿੱਚ ਹੀ ਵਿੱਚ ਖੁਲਾਸਾ ਕੀਤਾ ਸੀ ਕਿ ਇਮਤਿਆਜ਼ ਅਲੀ ਦੀ ਇਸ ਫ਼ਿਲਮ ਦੌਰਾਨ ਉਸ ਨੇ ਪਿਛਲੇ ਸਾਲ ਛੇ ਮਹੀਨੇ ਏ.ਆਰ. ਰਹਿਮਾਨ ਦੇ ਸਟੂਡੀਓ ਵਿੱਚ ਗੀਤ ਸੁਣਨ ਅਤੇ ਜੰਕ ਫੂਡ ਖਾਣ ਵਿੱਚ ਬਿਤਾਏ ਤਾਂ ਜੋ ਉਹ ਫ਼ਿਲਮ ਲਈ 15 ਕਿਲੋ ਭਾਰ ਵਧਾ ਸਕੇ। ਉਸ ਨੇ ਦੱਸਿਆ ਕਿ ਇਹ ਫ਼ਿਲਮ ਬਣਨ ਮਗਰੋਂ ਉਹ ਪਹਿਲਾਂ ਵਰਗੀ ਦਿਸਣ ਲਈ ਹੁਣ ਜਿਮ ਵਿੱਚ ਕਸਰਤ ਕਰਦੀ ਹੈ। ਉਸ ਨੇ ਕਿਹਾ ਕਿ ਫ਼ਿਲਮ ਚਮਕੀਲਾ ਵਿੱਚ ਦਿਲਜੀਤ ਦੁਸਾਂਝ ਨੇ ਮੁੱਖ ਭੂਮਿਕਾ ਨਿਭਾਈ ਹੈ।

# ਹਮਾਸ ਆਗੂ ਗਾਜ਼ਾ ਜੰਗ 'ਤੇ ਗੱਲਬਾਤ ਲਈ ਮਿਸਰ 'ਚ

ਦੀਰ ਅਲ-ਬਲਾਹ-ਹਮਾਸ ਦਾ ਚੋਟੀ ਦਾ ਆਗੂ ਗਾਜ਼ਾ 'ਚ ਜਾਰੀ ਜੰਗ ਉਤੇ ਗੱਲਬਾਤ ਲਈ ਮਿਸਰ ਦੀ ਰਾਜਧਾਨੀ ਕਾਹਿਰਾ ਪਹੁੰਚ ਗਿਆ ਹੈ। ਇਸਮਾਈਲ ਹਾਨਿਯੇਹ ਦਾ ਇਹ ਦੌਰਾ ਹਮਾਸ ਵੱਲੋਂ ਇਜ਼ਰਾਈਲ 'ਤੇ ਰਾਕੇਟ ਦਾਗਣ ਤੋਂ ਇਕ ਦਿਨ ਬਾਅਦ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਇਜ਼ਰਾਈਲ-ਹਮਾਸ ਜੰਗ ਵਿਚ ਹੁਣ ਤੱਕ 20,000 ਫਲਸਤੀਨੀ ਮਾਰੇ ਗਏ ਹਨ। ਉੱਤਰੀ ਗਾਜ਼ਾ ਵਿਚੋਂ ਕਰੀਬ 19 ਲੱਖ ਫਲਸਤੀਨੀਆਂ ਨੂੰ ਘਰ ਛੱਡ ਕੇ ਉੱਜੜਨਾ ਪਿਆ ਹੈ। ਇਜ਼ਰਾਈਲ ਨੇ ਬਾਕੀ ਦੁਨੀਆ ਨੂੰ ਸੱਦਾ ਦਿੱਤਾ ਹੈ ਕਿ ਉਹ ਹਮਾਸ ਨੂੰ ਅਤਿਵਾਦੀ ਜਥੇਬੰਦੀ ਵਜੋਂ 'ਬਲੈਕਲਿਸਟ' ਕਰੇ। ਗੌਰਤਲਬ ਹੈ ਕਿ ਹਮਾਸ ਵੱਲੋਂ 7 ਅਕਤੂਬਰ ਨੂੰ ਇਜ਼ਰਾਈਲ 'ਤੇ ਕੀਤੇ ਹਮਲੇ ਮਗਰੋਂ ਦੋਵਾਂ ਧਿਰਾਂ ਵਿਚਾਲੇ ਜੰਗ ਸ਼ੁਰੂ ਹੋਈ ਸੀ। ਹਾਲਾਂਕਿ ਦੋਵਾਂ ਧਿਰਾਂ ਨੇ ਹੁਣ ਮਿਸਰ ਤੇ ਕਤਰ ਦੀ ਵਿਚੋਲਗੀ ਤੋਂ ਬਾਅਦ ਅਸਿੱਧੇ ਤੌਰ 'ਤੇ ਗੱਲਬਾਤ ਦਾ ਰਾਹ ਵੀ ਖੋਲ੍ਹਿਆ ਹੈ। ਇਹ ਵਾਰਤਾ ਦੁਬਾਰਾ ਗੋਲੀਬੰਦੀ ਕਰਾਉਣ ਤੇ ਹੋਰ ਬੰਧਕਾਂ ਨੂੰ ਛੁਡਾਉਣ ਵੱਲ ਸੇਧਿਤ ਹੈ ਜਿਨ੍ਹਾਂ ਨੂੰ ਹਮਾਸ ਨੇ ਫੜਿਆ ਹੋਇਆ ਹੈ। ਇਜ਼ਰਾਈਲ ਨੇ ਵੀ ਕਈ ਫਲਸਤੀਨੀਆਂ ਨੂੰ ਕੈਦ ਕੀਤਾ ਹੋਇਆ ਹੈ।




# ਨਿਊਯਾਰਕ 'ਚ ਸੰਜੈ ਦੱਤ ਦੀ ਧੀ ਨੂੰ ਮਿਲਿਆ ਰਣਬੀਰ ਕਪੂਰ

ਨਵੀਂ ਦਿੱਲੀ-ਅਦਾਕਾਰ ਰਣਬੀਰ ਕਪੂਰ 'ਐਨੀਮਲ' ਫ਼ਿਲਮ ਦੇ ਰਿਲੀਜ਼ ਹੋਣ ਮਗਰੋਂ ਅਮਰੀਕਾ ਚਲਾ ਗਿਆ ਸੀ। ਜਾਪਦਾ ਹੈ ਕਿ ਉਹ ਉੱਥੇ ਆਪਣੇ ਇਸ ਸਮੇਂ ਦਾ ਪੂਰਾ ਲੁਤਫ਼ ਉਠਾ ਰਿਹਾ ਹੈ। ਅਦਾਕਾਰ ਸੰਜੈ ਦੱਤ ਦੀ ਧੀ ਤ੍ਰਿਸ਼ਲਾ ਦੱਤ ਨੇ ਹਾਲ ਹੀ ਵਿੱਚ ਰਣਬੀਰ ਕਪੂਰ ਨਾਲ ਆਪਣੀ ਇੱਕ ਤਸਵੀਰ ਸਾਂਝੀ ਕੀਤੀ ਹੈ। ਉਸ ਨੇ ਕੈਪਸ਼ਨ 'ਚ ਲਿਖਿਆ, "ਜਦੋਂ ਇੱਕ 'ਐਨੀਮਲ' ਦੌਰੇ 'ਤੇ ਆਇਆ।" ਤਸਵੀਰ ਵਿੱਚ ਰਣਬੀਰ ਤੇ ਤ੍ਰਿਸ਼ਲਾ ਨੂੰ ਕੈਮਰੇ ਸਾਹਮਣੇ ਮੁਸਕਰਾਉਂਦੇ ਹੋਏ ਦੇਖਿਆ ਜਾ ਸਕਦਾ ਹੈ। ਰਣਬੀਰ ਦੀ ਸੰਜੈ ਦੱਤ ਨਾਲ ਕਾਫੀ ਨੇੜਤਾ ਹੈ। ਉਸ ਨੇ ਸੰਜੈ ਦੱਤ ਦੀ ਬਾਇਓਪਿਕ 'ਸੰਜੂ' ਵਿੱਚ ਉਸ ਦਾ ਕਿਰਦਾਰ ਨਿਭਾਇਆ ਸੀ। ਦੋਹਾਂ ਨੇ 2022 ਵਿੱਚ 'ਸ਼ਮਸ਼ੇਰਾ' ਫਿਲਮ ਵਿੱਚ ਵੀ ਕੰਮ ਕੀਤਾ ਸੀ। ਹਾਲਾਂਕਿ, ਇਹ ਫਿਲਮ ਬਾਕਸ ਆਫਿਸ 'ਤੇ ਕਮਾਲ ਨਹੀਂ ਦਿਖਾ ਸਕੀ। ਰਣਬੀਰ ਇਸ ਸਮੇਂ 'ਐਨੀਮਲ' ਦੀ ਸਫਲਤਾ ਤੋਂ ਬਾਗੋ-ਬਾਗ ਹੈ ਜੋ ਕਿ ਪਹਿਲੀ ਦਸੰਬਰ ਤੋਂ ਸਿਨੇਮਾ ਘਰਾਂ ਵਿੱਚ ਧੁੰਮਾਂ ਪਾ ਰਹੀ ਹੈ। 'ਐਨੀਮਲ' ਵਿੱਚ ਅਨਿਲ ਕਪੂਰ, ਬੌਬੀ ਦਿਓਲ, ਰਸ਼ਮਿਕਾ ਮੰਦਾਨਾ ਅਤੇ ਤ੍ਰਿਪਤੀ ਦਿਮਰੀ ਨੇ ਵੀ ਮੁੱਖ ਭੂਮਿਕਾ ਨਿਭਾਈ ਹੈ। ਫਿਲਮ ਨੂੰ ਆਲੋਚਕਾਂ ਤੇ ਪ੍ਰਸ਼ੰਸਕਾਂ ਦਾ ਰਲਵਾਂ-ਮਿਲਵਾਂ ਹੁੰਗਾਰਾ ਮਿਲ ਰਿਹਾ ਹੈ। ਹਾਲਾਂਕਿ, ਇਸ ਫਿਲਮ ਨੇ ਬਾਕਸ ਆਫਿਸ 'ਤੇ ਚੰਗਾ ਪ੍ਰਦਰਸ਼ਨ ਕੀਤਾ ਹੈ। ਫਿਲਮ ਨੇ ਭਾਰਤ ਵਿੱਚ 500 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਹੈ। ਇਸ ਤਰ੍ਹਾਂ ਇਹ 2023 ਦੀਆਂ ਸਭ ਤੋਂ ਸਫਲ ਫਿਲਮਾਂ ਵਿੱਚ



ਸ਼ਾਮਲ ਹੋ ਗਈ ਹੈ। ਰਣਬੀਰ ਹੁਣ 'ਐਨੀਮਲ' ਦੇ ਅਗਲੇ ਭਾਗ ਵਿੱਚ ਨਜ਼ਰ ਆਵੇਗਾ।

# ਦੋਸਤੀ, ਪਿਆਰ ਤੇ ਡਰਾਮੇ ਨਾਲ ਭਰਪੂਰ ਫਿਲਮ 'ਮਜਨੂੰ' ਦਾ ਪੋਸਟਰ ਜਾਰੀ

ਪਿਛਲੇ ਕੁਝ ਸਾਲਾਂ ਵਿੱਚ ਖੇਤਰੀ ਫਿਲਮਾਂ ਦੀ ਪ੍ਰਸਿੱਧੀ ਵਿੱਚ ਕਾਫੀ ਵਾਧਾ ਹੋਇਆ ਹੈ। ਇਸ ਸੂਚੀ 'ਚ ਪੰਜਾਬੀ ਫਿਲਮ ਇੰਡਸਟਰੀ ਦਾ ਨਾਂ ਵੀ ਸ਼ਾਮਲ ਹੈ, ਜਿੱਥੋਂ ਯੂਜ਼ਰਸ ਲਈ ਕਈ ਚੰਗੀਆਂ ਫਿਲਮਾਂ ਰਿਲੀਜ਼ ਹੋਈਆਂ ਹਨ। ਮਨੋਰੰਜਨ ਡੈਸਕ, ਨਵੀਂ ਦਿੱਲੀ: ਪਿਛਲੇ ਕੁਝ ਸਾਲਾਂ ਵਿੱਚ ਖੇਤਰੀ ਫਿਲਮਾਂ ਦੀ ਪ੍ਰਸਿੱਧੀ ਵਿੱਚ ਕਾਫੀ ਵਾਧਾ ਹੋਇਆ ਹੈ। ਇਸ ਸੂਚੀ 'ਚ ਪੰਜਾਬੀ ਫਿਲਮ ਇੰਡਸਟਰੀ ਦਾ ਨਾਂ ਵੀ ਸ਼ਾਮਲ ਹੈ, ਜਿੱਥੋਂ ਯੂਜ਼ਰਸ ਲਈ ਕਈ ਚੰਗੀਆਂ ਫਿਲਮਾਂ ਰਿਲੀਜ਼ ਹੋਈਆਂ ਹਨ। ਇਸ ਸੂਚੀ 'ਚ ਇਕ ਹੋਰ ਫਿਲਮ ਦਾ ਨਾਂ ਸ਼ਾਮਲ ਹੋ ਗਿਆ ਹੈ, ਜੋ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਫਿਲਮ ਦਾ ਨਾਂ 'ਮਜਨੂੰ' ਹੈ, ਜਿਸ ਦਾ ਫਰਸਟ ਲੁੱਕ ਪੋਸਟਰ ਸਾਹਮਣੇ ਆਇਆ ਹੈ। 'ਮਜਨੂੰ' ਦਾ ਨਿਰਦੇਸ਼ਨ ਸੁਜਾਦ ਇਕਬਾਲ ਨੇ ਕੀਤਾ ਹੈ ਇਹ ਇੱਕ ਰੋਮਾਂਟਿਕ ਫਿਲਮ ਹੈ। ਜਾਰੀ ਕੀਤੇ ਪੋਸਟਰ ਵਿੱਚ, ਲੀਡ ਜੋੜੇ ਨੂੰ ਖੇਤਾਂ ਦੇ ਵਿਚਕਾਰ ਇੱਕ ਸਕੈਫੋਲਡਿੰਗ 'ਤੇ ਇੱਕ ਰੋਮਾਂਟਿਕ ਪੋਜ਼ ਵਿੱਚ ਦੇਖਿਆ ਜਾ ਸਕਦਾ ਹੈ। ਸਰ੍ਹੋਂ ਦੇ ਫੁੱਲਾਂ ਅਤੇ ਸੁਹਾਵਣੇ ਮਾਹੌਲ ਵਿਚ ਪਿਆਰ ਦੀਆਂ ਲਹਿਰਾਂ ਨੂੰ ਗਲੇ ਲਗਾਉਂਦੇ ਹੋਏ ਜੋੜੇ ਦੀ ਇਹ ਅਨੋਖੀ ਤਸਵੀਰ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ। ਇਸ ਦੇ ਨਾਲ ਹੀ ਫਿਲਮ ਦਾ ਆਡੀਓ ਟੀਜ਼ਰ ਵੀ ਰਿਲੀਜ਼ ਹੋ ਗਿਆ ਹੈ, ਜਿਸ ਨੂੰ ਪ੍ਰਸ਼ੰਸਕਾਂ ਵੱਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ। 'ਮਜਨੂੰ' ਇਹ ਇੱਕ ਅਜਿਹੀ ਪਿਆਰ ਦੀ ਕਹਾਣੀ ਹੈ, ਜਿਸ ਵਿੱਚ ਅਸੀਂ ਦੋਸਤੀ ਅਤੇ ਪਿਆਰ ਵਿੱਚ ਟਕਰਾਅ ਦੇਖਾਂਗੇ। ਫਿਲਮ 'ਮਜਨੂੰ' ਪ੍ਰੇਮ ਤਿਕੋਣ 'ਤੇ ਆਧਾਰਿਤ ਹੈ 22 ਮਾਰਚ 2024 ਨੂੰ ਰਿਲੀਜ਼ ਹੋਵੇਗੀ। ਇਸ ਫਿਲਮ ਦਾ ਸੰਗੀਤ ਗੁਰਮੀਤ ਸਿੰਘ ਨੇ ਦਿੱਤਾ ਹੈ। ਉਸ ਦੀਆਂ ਬਿਹਤਰੀਨ ਧੁਨਾਂ 'ਤੇ ਰਚੇ ਸਾਰੇ ਗੀਤਾਂ ਨੂੰ ਖ਼ੂਬਸੂਰਤੀ ਨਾਲ ਗਾਇਆ ਗਿਆ ਹੈ। ਬਾਲੀਵੁੱਡ ਫਿਲਮਾਂ ਲਈ ਮਸ਼ਹੂਰ ਤਿਲੋਕ ਕੋਠਾਰੀ ਨੇ ਫਿਲਮ ਦੇ ਨਿਰਮਾਣ ਦੀ ਜ਼ਿੰਮੇਵਾਰੀ ਸੰਭਾਲੀ ਹੈ। ਸ਼ਾਲੀਮਾਰ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਹ ਫਿਲਮ 'ਮਜਨੂੰ' ਇਸ ਵਿੱਚ ਪ੍ਰੀਤ ਬਾਠ, ਕਿਰਨ ਸ਼ੇਰਗਿੱਲ, ਸਾਬੀ ਸੈਂਬੀ ਸੂਰੀ, ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਮਲਕੀਤ ਰੌਨੀ, ਸ਼ਵਿੰਦਰ ਮਾਹਲ, ਜੁਗਨੂੰ ਸ਼ਰਮਾ ਅਤੇ ਬੱਬਰ ਗਿੱਲ ਸਮੇਤ ਕਈ ਪ੍ਰਤਿਭਾਸ਼ਾਲੀ ਕਲਾਕਾਰਾਂ ਨੇ ਕੰਮ ਕੀਤਾ ਹੈ।




**Buying Your Home?**

**Need a Quick Approval for Pre-Sale of Condo?**

Ranked One of The "TOP MORTGAGE BROKERS" in Canada

2022 TOP 75 BROKERS CMP

plus **BONUS** FREE LEGAL FEE & APPRAISAL



Our Symbol of Care & Service

**Superior Mortgage**
Unit 244-8138-128 Street, Surrey
604 507 1000

# ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

## ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

**PHONE: 604-244-1118**
**FAX: 604-270-3075**

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
TRANSource FREIGHTWAYS
353
Fuel and Insurance Paid
by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


Merry Christmas!
fruiticana hee jaana!
LOWEST PRICES IN TOWN
We are open on Dec 25th 2023 9am to 5pm
UNBEATABLE EXTRA SUPER SPECIAL
Yellow Onions 50 lbs USA #1
ਪੀਲੇ ਗੰਢੇ ਯੂ.ਐਸ. #੧
YELLOW ONIONS
$14.99 bag
EXTRA SUPER SUPER SPECIAL
Cilantro
ਧਣੀਆ
2 bunches for 99¢
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
SUPER SPECIAL
Fresh Garlic
ਤਾਜਾ ਲਸਣ
$1.29 lb
SUPER SPECIAL
Indian Eggplants
ਦੇਸੀ ਬਤਾਊਂ
$1.99 lb
Almonds #1
ਬਦਾਮ #੧
$3.99 lb
Opo Squash (Long)
ਓਪੋ ਕੱਦੂ
$1.59 lb
SUPER SPECIAL
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
SUPER SPECIAL
Daikon (Moli)
ਮੂਲੀ
99¢ lb
Red Lentil Whole
ਮਸਰਾ ਦੀ ਸਾਬਤ ਦਾਲ
88¢ lb
Swarna Chakki Atta 20 lbs
ਸਵਰਨਾ ਚੱਕੀ ਅੱਟਾ
$17.99 bag
SUPER SPECIAL
Bartlett Pears
ਬਾਰਟਲੇਟ ਨਾਸ਼ਪਾਤੀ
99¢ lb
Anjou Pears
ਅੰਜੂ ਨਾਸ਼ਪਾਤੀ
99¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
( ਇੰਡੀਕੈਂਨ )
$3.98 bag
Rapini (Sarson da Saag)
ਸਰਸੋਂ ਦਾ ਸਾਗ
$2.98 bunch
Gala Apples US #1
ਗਾਲਾ ਸੇਬ ਯੂ.ਐਸ. #੧
99¢ lb
Spinach
ਪਾਲਕ
$1.29 bunch
Masala Gur 2 lbs Shell
ਮਸਾਲਾ ਗੁੜ
$2.99 pkg.
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Large Seedless Oranges
ਵੱਡੇ ਸੰਗਤਰੇ
( ਬਿਨਾ ਬੀਜ ਤੋਂ )
99¢ lb
Long English Cucumber
ਲੰਬੇ ਇੰਗਲਿਸ਼ ਖੀਰੇ
99¢ ea.
Green Cabbage
ਹਰੀ ਬੰਦ ਗੋਭੀ
69¢ lb
Heer Besan 4 lbs
ਹੀਰ ਬੇਸਨ
$3.99 pkg.
Thur Dec 21, 2023 - Wed Dec 27, 2023
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana
SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520